# ਮੌਸਮਾਂ ਦੀ ਮਾਰ

(ਕਾਵਿ-ਸੰਗ੍ਰਹਿ)

# ਮੌਸਮਾਂ ਦੀ ਮਾਰ

(ਕਾਵਿ-ਸੰਗ੍ਰਹਿ)

**ਜਸਪਿੰਦਰ**

ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ
ਪਹਿਲੀ ਵਾਰ :
ਸਰਵਰਕ

# Mausaman Di Maar

*by*

**Jaspinder**
Vill. Kotla Bajwara, P.O. Manupur,
Distt. Fatehgarh Sahib, Sirhind - 140406
Mobile : 98886-21205

2008
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
*email:info@unistarbooks.com*
*email:sales@unistarbooks.com*
*email:editorial@unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382

*© Author - 2007*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਸਵਰਗੀ ਮਾਤਾ ਸ੍ਰੀਮਤੀ ਗੁਰਮੀਤ ਕੌਰ ਜੀ
ਦੇ ਨਾਂ
ਜਿਨ੍ਹਾਂ ਨੇ ਮੈਨੂੰ ਸੱਚ ਨੂੰ ਸੱਚ ਕਹਿਣ ਦੀ
ਤਾਕਤ ਦਿੱਤੀ
ਤੇ ਬਚਪਨ ਤੋਂ ਹੀ ਕਦੇ ਨਾ ਡੋਲਣ
ਵਾਲਾ ਸਿਦਕ ਬਖ਼ਸ਼ਿਆ… …

ਮੌਸਮਾਂ ਦੀ ਮਾਰ ਮੈਨੂੰ ਕਰਦੀ ਕਰੰਗ ਜਾਵੇ,
ਨਿਮਾਣੇ ਜਹੇ ਵਜੂਦ ਦੀ ਮੈਂ ਲਾਜ ਕਿੰਝ ਰੱਖਾਂ...

ਲੋਕਾਈ ਦੇ ਹਿੱਤਾਂ ਦੀ ਜਿਹੜੀ ਸਾਂਭੀ ਮੈਂ ਸੌਗਾਤ
ਹੁਣ ਹੋ ਚੱਲੀ ਨਸ਼ਰ ਇਹਨੂੰ ਰਾਜ਼ ਕਿੰਝ ਰੱਖਾਂ...

**(Starting Folding ਦੇ ਅੰਦਰਲੇ ਹਿੱਸੇ ’ਤੇ ਅੰਕਿਤ ਹੋਣ ਵਾਲੀਆਂ ਸਤਰਾਂ)**

ਜਸਪਿੰਦਰ ਕੇਵਲ ਲਿਖਦਾ ਹੀ ਨਹੀਂ, ਪੜ੍ਹਦਾ ਵੀ ਹੈ। ਸਾਡੇ ਅੱਜ ਦੇ ਬਹੁਤੇ ਲਿਖਾਰੀ ਲਿਖਦੇ ਹਨ ਪਰ ਪੜ੍ਹਦੇ ਨਹੀਂ। ਜਸਪਿੰਦਰ ਨੂੰ ਲਿਖਣ ਕਲਾ ਨਾਲ ਅੰਤਾਂ ਦਾ ਮੋਹ ਹੈ। ਉਹ ਦਿੱਲ ਦੀ ਗੱਲ ਬਹੁਤ ਸੁਖਾਲੇ ਸ਼ਬਦਾਂ ਰਾਹੀਂ ਕਰ ਜਾਂਦਾ ਹੈ। ਅਜਿਹੀ ਕਲਾ ਰੂਪੀ ਤਜਵੀਜ਼ ਬਹੁਤ ਥੋੜ੍ਹੇ ਅਤੇ ਗਿਣਵੇਂ ਲਿਖਾਰੀਆਂ ਦੇ ਹਿੱਸੇ ਆਉਂਦੀ ਹੈ।

**- ਅਲੀ ਰਾਜਪੁਰਾ**

# ਤਤਕਰਾ


| | ਪੰਨਾ |
|---|---|
| ਭੂਮਿਕਾ | 10 |
| ਨਵੀਆਂ ਪੈੜਾਂ | |
| ਕੁਝ ਸ਼ਬਦ | |
| ਕੀ ਹੈ ਕਵਿਤਾ | |
| ਕੀਨੂੰ ਦੱਸਾਂ | |
| ਮੈਂ ਬੱਸ ਮੈਂ | |
| ਹਰਫ਼ | |
| ਇਨਸਾਨ ਖ਼ੁਦਾ ਦਾ | |
| ਮੇਰੀ ਜ਼ਿੰਦਗੀ | |
| ਕੀ ਹੁਣ ਕਵਿਤਾ | |
| ਅਰਜੋਈ | |
| ਲਫ਼ਜ | |
| ਸੁਰੱਖਿਆ | |
| ਨਗਰ | |
| ਇਹ ਜ਼ਿੰਦਗੀ | |
| ਸੱਚਾ ਪ੍ਰਣਾਮ | |
| ਨਸ਼ਿਆਂ ਦੇ ਸਮਕਾਲੀ | |
| ਮਾਂ | |
| ਫਲੀਆਂ ਤੇ ਸੁਰਾਂ | |
| ਰੱਖਿਆ ਸੰਕਲਪ | |
| ਲਹੂ ਤੇ ਕਾਲਖ਼ | |
| ਸੀਰੀਪੁਣਾ | |
| ਕਾਮੇ | |
| ਖੰਜਰ | |
| ਰਾਖ਼ੇ | |
| ਮਜਬੂਰ ਪੰਛੀ | |
| ਚਾਨਣ | |
| ਅੱਜ ਵਿਚ ਕੱਲ੍ਹ | |
| ਵੈਣ | |
| ਹਿਜਰ | |
| ਇਸ਼ਕ ਬਰੋਟੇ | |

ਯਾਦੇਂ ਮੇਰੀਏ
ਯਾਦ ਰੱਖਾਂਗੇ
ਜ਼ਖ਼ਮੀ ਹੌਂਕੇ
ਡੂੰਘੇ ਫੱਟ
ਵਿਕਾਸ ਦੀ ਰੱਟ
ਨਿੱਘ ਅੰਦਰੋਂ ਪੈਂਦੇ ਭਾਲਣੇ
ਕਮਾਈਆਂ ਤੇ ਦਵਾਈਆਂ
ਪੌਣ ਗਈਆਂ ਨਸ਼ਿਆ
ਥੁੜ੍ਹਿਆ ਪੰਜਾਬ
ਸਾਨੂੰ ਸ਼ਿਕਵੇ ਨੇ
ਆਜਾ ਮਾਰ ਕੇ ਉਡਾਰੀ
ਕਰੀਏ ਹੱਲ ਸਵਾਲਾਂ ਨੂੰ
ਭੱਖੜੇ ਦੇ ਕੰਡੇ
ਅਣ–ਪੀਤੇ ਨਸ਼ੇ
ਰਹਿੰਦੀ ਸੋਚਾਂ ’ਚ ਗਵਾਚੀ
ਆਓ ਜ਼ਿੰਦਗੀ ਲੱਭੀਏ
ਕਈ ਵਾਰੀ
ਵੰਡ
ਮੌਤ ਦਾ ਡਰ
ਖੇਤੀ ਜੱਟ ਦੀ
ਬੇੜੀਆਂ
ਗੱਲਾਂ ਚੰਗੀਆਂ
ਧਰਤੀ ਤੇ ਮਨੁੱਖ
ਬੰਦਾ
ਮਸਾਂ–ਮਸਾਂ
ਮਹਿਫਲਾਂ ’ਚੋਂ
ਬਾਗਾਂ ਦੀਆਂ ਅੰਬੀਆਂ
ਪੱਤਣਾਂ ਤੋਂ ਲੰਘੇ
ਦੀਵਿਆਂ ਦੀ ਦਾਸਤਾਨ
ਮਾੜੀ ਹੁੰਦੀ ਐ
ਪਹਿਲਾਂ
ਪਤਝੜ ਦੇ ਤਸੀਹੇ
ਉਹ ਸੱਜਣ
ਕਿਵੇਂ
ਛੇਕੜਲੀ ਛੋਹ

# ਭੂਮਿਕਾ

ਜਸਪਿੰਦਰ ਦੇ ਪਲੇਠੇ ਕਾਵਿ-ਸੰਗ੍ਰਹਿ ਦਾ ਖਰੜਾ ਪੜ੍ਹਨ ਅਤੇ ਕੁਝ ਸ਼ਬਦ ਲਿਖਣ ਲਈ ਮਿਲਿਆ। ਪਹਿਲਾਂ ਤਾਂ ਮੈਂ ਸੋਚਿਆ ਸੀ ਕਿ ਜਸਪਿੰਦਰ ਦੀ ਜੋਬਨ ਰੁੱਤ ਹੈ। ਹੋ ਸਕਦੈ ਇਹ ਖਰੜਾ ਜੋਬਨ ਵਲਵਲਿਆਂ ਨਾਲ ਹੀ ਭਰਪੂਰ ਹੋਵੇ। ਪਰ ਜਦੋਂ ਮੈਂ ਪੜ੍ਹਨਾ ਸ਼ੁਰੂ ਕੀਤਾ ਤਾਂ ਮੇਰੀ ਹੈਰਾਨੀ ਵਾਲੀ ਕੋਈ ਹੱਦ ਨਾ ਰਹੀ। ਇਨ੍ਹਾਂ ਰਚਨਾਵਾਂ ਵਿਚ ਮੈਨੂੰ ਵਾਰ-ਵਾਰ ਕਿਸੇ ਪ੍ਰੋਢ ਸਾਹਿਤਕਾਰ ਦੀ ਝਲਕ ਵਿਖਾਈ ਦਿਤੀ। ਉਮਰ ਤੋਂ ਕਿਤੇ ਵੱਧ ਸਿਆਣੀਆਂ ਗੱਲਾਂ ਕਰਨਾ ਸਿਰਫ ਤੇ ਸਿਰਫ ਜਸਪਿੰਦਰ ਦੇ ਹੀ ਹਿੱਸੇ ਆਇਆ ਜਾਪਣ ਲੱਗਾ। ਜੀਵਨ ਦੇ ਕਈ ਮਸਲੇ, ਸਮਾਜਿਕ ਬੁਰਾਈਆਂ ਅਤੇ ਭਵਿੱਖ ਰੂਪ ਸਮੱਸਿਆਵਾਂ ਜਸਪਿੰਦਰ ਦੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਹਨ। ਜਸਪਿੰਦਰ ਕੋਲ ਸ਼ਬਦ ਭੰਡਾਰ ਹੈ। ਕਵਿਤਾ ਜਾਂ ਗੀਤ ਕਿਸ ਨੂੰ ਕਹਿੰਦੇ ਹਨ ਇਸ ਨੂੰ ਭਲੀ-ਭਾਂਤ ਪਤਾ ਹੈ। ਖੁੱਲ੍ਹੀਆਂ ਕਵਿਤਾਵਾਂ ਦੀ ਰਵਾਨਗੀ ਆਪਣੀ ਮਿਸਾਲ ਆਪ ਹਨ। ਕਵਿਤਾ ਜਾਂ ਗੀਤ ਦੇ ਵਿਸ਼ਾ-ਵਸਤੂ ਅਤੇ ਰੂਪਕ ਪੱਖ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਉਸ ਵਿਚ ਪਾਠਕ ਨੂੰ ਨਾਲ ਲੈ ਤੁਰਨ ਦੀ ਕਲਾ ਵੀ ਹੈ। ਭਾਵੇਂ ਪੰਜਾਬੀ ਦੀ ਉਚੇਰੀ ਸਿੱਖਿਆ ਪ੍ਰਾਪਤ ਕਰ ਰਿਹਾ ਹੈ। ਪਰ ਫਿਰ ਵੀ ਸਰਲਤਾ ਦਾ ਪੱਲਾ ਆਖਰੀ ਰਚਨਾ ਤੱਕ ਘੁੱਟ ਕੇ ਫੜੀ ਰੱਖਿਆ ਹੈ। ਕਲਪਨਾ ਨਾਲੋਂ ਵੱਧ ਆਪਣੇ ਤੱਕ ਅਤੇ ਮਨ ਉੱਤੇ ਹੰਢਾਈ ਰਚਨਾ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਸਾਰਥਕ ਹੁੰਦੀ ਹੈ। ਜਸਪਿੰਦਰ ਦੀਆਂ ਜ਼ਿਆਦਾ ਰਚਨਾਵਾਂ ਏਸੇ ਗੱਲ ਦਾ ਪ੍ਰਮਾਣ ਹਨ ਜਿਵੇਂ ਬਚਪਨ ਦੀ ਗੱਲ ਕਿੱਡੇ ਖੂਬਸੂਰਤ ਢੰਗ ਨਾਲ ਕਰ ਰਿਹਾ ਹੋਵੇ।

ਜਦੋਂ ਕਦੇ ਆਉਂਦੀ ਏ
ਯਾਦ ਬਚਪਨ ਦੀ
ਜਾਂ ਸਕੂਲ ਦਿਨਾਂ ਦੀ
ਸੋਚਾਂ ਦੀ ਛਤਰੀ ਭਰ ਜਾਂਦੀ
ਨਾਲ ਗੂੜ੍ਹੀਆਂ ਯਾਦਾਂ ਦੇ
ਨਾਲ ਝੋਰਿਆਂ ਦੇ
ਨਾਲ ਮਰ ਚੁੱਕੀਆਂ ਹਿਰਸਾਂ ਦੇ।

ਏਸੇ ਤਰ੍ਹਾਂ ਛੋਟੀ ਜਿਹੀ ਅਰਜ਼ੋਈ ਨਾਮੀ ਕਵਿਤਾ ਵਿਚ ਜਸਪਿੰਦਰ ਦੱਸਦਾ ਹੈ ਕਿ ਅਸੀਂ ਕਿਵੇਂ ਅੰਦਰ, ਬਾਹਰ ਦੀਆਂ, ਉੱਚੀਆਂ-ਉੱਚੀਆਂ ਦਲੀਲਾਂ, ਅਪੀਲਾਂ, ਅਰਜ਼ੋਈਆਂ ਸੁਣਦੇ ਹਾਂ।

ਪਰ ਕੁੱਖ ਵਿਚਲੀ ਅਰਜ਼ੋਈ
ਨਿੱਕੀ ਪੁਕਾਰ
ਸਾਡੇ ਕੰਨਾਂ ਲਈ ਓਪਰੀ ਕਿਉਂ?

ਇਹ ਭਰੂਣ ਹਤਿਆਰਿਆਂ ਲਈ ਬੜਾ ਜ਼ਬਰਦਸਤ ਕਾਵਿ–ਵਿਅੰਗ ਹੈ।

ਇਸੇ ਤਰ੍ਹਾਂ ਹੀ "ਸੱਚਾ ਪ੍ਰਣਾਮ" ਨਾਮੀ ਕਵਿਤਾ ਵਿਚ ਮਹਾਨ ਸ਼ਹੀਦਾਂ ਪ੍ਰਤੀ ਸਾਡੀ ਕਿੰਨੀ ਕੁ ਸ਼ਰਧਾ ਹੈ ਲਉ ਵੇਖੋ –

"ਆਓ ਮੁਖ਼ਾਤਿਬ ਹੋਈਏ
ਉਨ੍ਹਾਂ ਨੂੰ
ਜਿਨ੍ਹਾਂ ਗੜਕ ਤੇ ਮੜਕ ਦੀ ਤੋਰ ਤੁਰਦੇ
ਅਣਖਾਂ ਦੇ ਬੀਜ ਬੋਏ
ਪਰ ਅਸੀਂ
ਇਨ੍ਹਾਂ ਬੀਜਾਂ ਤੋਂ ਦਰੱਖਤ ਬਣੇ
ਰਾਖਿਆਂ ਰੁੱਖਾਂ ਦੇ ਮੁੱਢ ਰੱਤ ਤਾਂ ਕੀ
ਅੱਜ ਤੱਕ ਪਾਣੀ ਵੀ ਨਾ ਤਰੌਂਕਿਆ
ਸੌਂ ਗਏ ਹਾਂ ਆਲਸ ਤੇ ਮੌਕਾਪ੍ਰਸਤੀ ਦੀ ਚਾਦਰ ਤਾਣ
ਸ਼ਹੀਦਾਂ ਨੂੰ ਅਸਲੋਂ ਕਰਕੇ ਸ਼ਹੀਦ..."

ਜਦੋਂ ਜਸਪਿੰਦਰ ਪਾਕਿ–ਮੁਹੱਬਤ ਵਿਚ ਪਏ ਵਿਛੋੜੇ ਦੀ ਸਿਖਰਤਾ ਦੀ ਗੱਲ ਕਰਦਾ ਹੈ ਤਾਂ ਕਿਸੇ ਵੱਡੇ ਸੂਫੀ ਸ਼ਾਇਰ ਤੋਂ ਘੱਟ ਨਹੀਂ ਜਾਪਦਾ। ਦੇਖਣਾ!

ਹੱਡੀਂ ਇਸ਼ਕ ਦਾ ਦਰਦ ਬੈਠਿਆ
ਰੂਹ ਵਿਚ ਬੈਠਾ ਤੂੰ।
ਕੱਤਦੀ–ਕੱਤਦੀ ਕਮਲੀ ਹੋ ਗੀ
ਹਿਜਰ ਤੇਰੇ ਦਾ ਰੂੰ

ਆਧੁਨਿਕ ਖੇਤੀਬਾੜੀ ਦੀ ਤਸਵੀਰ ਵੇਖਣਾ ਕਿਸ ਤਰ੍ਹਾਂ ਖਿੱਚਦਾ ਹੈ...

"ਕਮਾਈਆਂ ਤਾਂ ਜੱਟ ਮੁੱਢੋਂ ਕਰਦਾ ਆਇਐ
ਪਰ ਅੱਜ ਕਮਾਈਆਂ ਦਾ ਮੁੱਢ ਦਵਾਈਆਂ ਨੇ।"

ਸਰਹੱਦ ਤੋਂ ਪਾਰ ਵੱਸਦੇ ਇਸ ਧਰਤ ਦੇ ਜਾਇਆਂ ਪ੍ਰਤੀ ਕਿੰਨਾ ਮੋਹ, ਪਿਆਰ ਅਤੇ ਖਿੱਚ ਰੱਖਦਾ ਹੈ। ਦੇਖਣਾ!

ਸਰਹੱਦ ਦੀਆਂ ਕੰਡਿਆਲੀਆਂ ਤਾਰਾਂ ਨੇ,
ਸਾਨੂੰ ਵੱਖ ਆਪਣਿਆਂ ਤੋਂ ਕੀਤਾ ਏ।
ਸਾਡੇ ਸਾਂਝੇ ਧਰਮ ਅਸਥਾਨ ਸਾਰੇ
ਸਾਂਝੇ ਗੁਰੂ ਗ੍ਰੰਥ, ਕੁਰਾਨ ਤੇ ਗੀਤਾ ਏ।

ਬੀਤ ਚੁੱਕੇ ਪੁਰਾਣੇ ਪੰਜਾਬ ਦੇ ਖੂਬਸੂਰਤ ਦਿਨਾਂ ਦੀ ਗੱਲ "ਪੱਤਣਾਂ ਤੋਂ ਲੰਘੇ" ਸਿਰਲੇਖ ਅਧੀਨ ਕਿਸ ਤਰ੍ਹਾਂ ਕਰਦਾ ਹੈ। ਇਹ ਵੀ ਇਸ ਨੌਜਵਾਨ ਦੀ ਲੇਖਣੀ ਦਾ ਇਕ ਅਨੂਠਾ ਨਮੂਨਾ ਹੈ।

ਬਲਦਾਂ ਦੇ ਜੋੜੇ ਤੇ ਹੱਲ ਲੈ ਕੇ ਜਾਂਦੇ ਹਾਲੀ
ਸੁਆਣੀਆਂ ਦੇ ਚਰਖ਼ੇ ਮਧਾਣੀ ਯਾਦ ਆਉਂਦੇ ਨੇ।
ਬੋਹੜ, ਪਿੱਪਲ, ਬਰੋਟੇ ਕਿੰਝ ਭੁਲਦੇ ਮੈਂ ਭੁੱਲਾਂ
ਉਨ੍ਹਾਂ ਥੱਲੇ ਬੈਠ ਸੁਣੇ ਕਿੱਸੇ ਕਹਾਣੀ ਯਾਦ ਆਉਂਦੇ ਨੇ।

ਜਸਪਿੰਦਰ ਦਾ ਇਹ ਕਾਵਿ-ਸੰਗ੍ਰਹਿ ਭੂਤ, ਵਰਤਮਾਨ ਅਤੇ ਭਵਿੱਖ ਦੇ ਸਮੇਂ ਦੀ ਸੁੰਦਰ ਤ੍ਰਿਵੈਣੀ ਹੈ। ਇਹ ਸੰਗ੍ਰਹਿ ਆਪਣੇ ਵਿਚ ਇਕੋ ਸਮੇਂ ਅਥਾਹ ਵਿਸ਼ੇ ਸਮੋਈ ਬੈਠਾ ਹੈ। ਸਾਹਿਤ ਦਾ ਅਰਥ ਹੀ ਇਹ ਹੈ ਕਿ ਸਾਰਿਆਂ ਦੇ ਹਿੱਤਾਂ ਦੀ ਗੱਲ ਹੋਵੇ। ਜਸਪਿੰਦਰ ਨੇ ਸਮਾਜਿਕ ਬੁਰਾਈਆਂ ਜਾਂ ਭਵਿੱਖ ਦੇ ਮਸਲੇ ਜੇ ਲਏ ਹਨ ਤਾਂ ਸਿਰਫ ਖਿਲਾਰਾ ਨਹੀਂ ਖਿਲਾਰਿਆ ਉਸ ਨੂੰ ਸੁੰਦਰ ਢੰਗ ਨਾਲ ਸਮੇਟਿਆ ਵੀ ਹੈ। ਬੁਰਾਈਆਂ ਦਾ ਇਲਾਜ ਤੇ ਭਵਿੱਖ ਦੇ ਮਸਲਿਆਂ ਤੋਂ ਕਿਵੇਂ ਸਾਵਧਾਨ ਰਹਿਣਾ ਉਹ ਵੀ ਦੱਸਿਆ ਹੈ। ਮੁਹੱਬਤ ਪਿਆਰ ਦੀ ਗੱਲ ਜੇ ਕੀਤੀ ਹੈ ਤਾਂ ਮਿਆਰ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਹੈ। ਕੁਲ ਮਿਲਾ ਕੇ ਇਸ ਪੁਸਤਕ ਨਾਲ ਪੰਜਾਬੀ ਸਾਹਿਤ ਤੇ ਭੰਡਾਰ ਵਿਚ ਜ਼ਿਕਰਯੋਗ ਵਾਧਾ ਹੋਵੇਗਾ। ਉਮਰੋਂ ਸਿਆਣੀਆਂ, ਅਕਲਮੰਦ, ਢੁਕਵੀਆਂ, ਅਰਥ ਭਰਪੂਰ ਅਤੇ ਨੌਜਵਾਨ ਪੀੜ੍ਹੀ ਦੀ ਅਗਵਾਈ ਕਰਨ ਵਾਲੀਆਂ ਭਾਵਪੂਰਤ ਗੱਲਾਂ ਕਾਵਿ-ਰੂਪ ਵਿਚ ਕਰਨ ਲਈ ਮੈਂ ਜਸਪਿੰਦਰ ਨੂੰ ਸ਼ਾਬਾਸ਼ ਅਤੇ ਮੁਬਾਰਕਬਾਦ ਦਿੰਦਾ ਹਾਂ।

ਹਰ ਪੰਜਾਬੀ ਪ੍ਰੇਮੀ ਨੂੰ ਇਹ ਪੁਸਤਕ ਘਰ ਵਿਚ ਮਹਿੰਗੇ ਗਹਿਣੇ ਵਾਂਗ ਰੱਖਣ ਦੀ ਅਪੀਲ ਕਰਦਾ ਹਾਂ। ਆਉਣ ਵਾਲੇ ਸਮੇਂ ਵਿਚ ਜਸਪਿੰਦਰ ਮਾਂ ਬੋਲੀ ਦੀ ਝੋਲੀ ਹੋਰ ਮਹਿੰਗੇ ਮੋਤੀਆਂ ਨਾਲ ਭਰੇ, ਇਹ ਦੁਆ ਕਰਦਾ ਹੋਇਆ ਸ਼ੁਭਕਾਮਨਾਵਾਂ ਦਿੰਦਾ ਹਾਂ।

3/5/2008

**ਅਮਰੀਕ ਸਿੰਘ ਤਲਵੰਡੀ**
(ਸਟੇਟ ਅਤੇ ਨੈਸ਼ਨਲ ਐਵਾਰਡੀ)
ਗਿੱਲ ਨਗਰ, ਗਲੀ ਨੰ: 13
ਮੁੱਲਾਂਪੁਰ ਦਾਖਾ, ਲੁਧਿਆਣਾ

# ਨਵੀਆਂ ਪੈੜਾਂ

ਜਸਪਿੰਦਰ ਨੂੰ ਮੈਂ ਦੇਖਿਆ ਨਹੀਂ, ਸਿਰਫ ਉਹਦੀ ਹੱਥਲੀ ਕਾਵਿ-ਪੁਸਤਕ ਦੇ ਖਰੜੇ ਵਿਚਦੀ ਦੇਖਿਆ ਹੈ। ਉਸ ਦੇ ਸ਼ਾਖਸਾਤ ਦਰਸ਼ਨ ਹੋਏ।

ਕਵਿਤਾ ਨੇ ਉਹਦੀ ਉਂਗਲੀ ਘੁੱਟ ਕੇ ਫੜੀ ਹੋਈ ਹੈ। ਨਾਲ ਨਾਲ... ਤੁਰਦੇ ਜਾਂਦੇ ਨੇ ਦੋਵੇਂ ਜਣੇ। ਉਹਦਾ ਇਕ ਇਕ ਬੋਲ ਦਿਲ ਅੰਦਰ ਲੱਥਦਾ ਹੈ। ਮੇਰਾ ਖੇਤਰ ਕਾਵਿ ਨਹੀਂ, ਵਾਰਤਕ ਹੈ ਪਰ ਜਸਪਿੰਦਰ ਦੀ ਕਵਿਤਾ ਪੜ੍ਹ ਕੇ ਸਕੂਨ ਮਹਿਸੂਸ ਹੋਇਆ ਹੈ। ਉਹਦੀ ਨਜ਼ਰ ਬੜੀ ਤਿੱਖੀ ਹੈ। ਪੁਸਤਕ ਵਿਚ ਦਰਜ ਕਵਿਤਾਵਾਂ ਦੇ ਵਿਸ਼ੇ ਵੰਨ-ਸੁਵੰਨੇ ਹਨ ਤੇ ਉੱਚੇ ਭਾਵਾਂ ਦੀ ਤਰਜਮਾਨੀ ਕਰਦੇ ਹਨ। ਜਸਪਿੰਦਰ ਇਹ ਗੱਲ ਭਲੀ-ਭਾਂਤ ਜਾਣਦਾ ਹੈ :-

ਕਵਿਤਾ ਕਾਵਾਂ ਦੀ ਕਾਂ-ਕਾਂ ਨਹੀਂ
ਕਵਿਤਾ ਤੂਫ਼ਾਨ ਦੀ ਸਾਂ-ਸਾਂ ਨਹੀਂ
ਕਵਿਤਾ
ਕਈਆਂ ਲਈ ਅਜੇ ਬੁਝਾਰਤ...

ਜਸਪਿੰਦਰ ਨੇ ਇਸ ਸੰਗ੍ਰਹਿ ਵਿਚ ਆਪਣੇ ਕੁਝ ਗੀਤ ਵੀ ਸ਼ਾਮਿਲ ਕੀਤੇ ਹਨ। ਉਸ ਦੇ ਗੀਤ ਸਾਹਿਤਕ ਰੰਗਣ ਵਿਚ ਲਬਰੇਜ਼ ਹਨ। ਅਜੋਕੇ ਗੀਤਾਂ ਵਾਂਗ ਭੜਕਾਹਟ ਦਾ ਸ਼ਿਕਾਰ ਨਹੀਂ। ਉਸ ਨੇ ਆਪਣੀ ਲਿਖਤ ਵਿਚ ਇਸ ਸਮੇਂ ਸੰਕਟ ਵਿਚ ਫਸੇ ਹੋਏ ਕਿਰਸਾਨ ਦੀ ਗੱਲ ਵੀ ਕੀਤੀ ਹੈ। ਭਰੂਣ ਹੱਤਿਆ ਦੀ ਵੀ। ਨੌਜਵਾਨ ਦਿਲ ਹੋਣ ਕਾਰਨ ਉਹਦੇ ਮਨ ਵਿਚ ਨਵੀਆਂ ਸੱਧਰਾਂ, ਚਾਅ ਤੇ ਉਮੰਗਾਂ ਵੀ ਠਾਠਾਂ ਮਾਰਦੇ ਦਿਖਾਈ ਦਿੰਦੇ ਹਨ ਪਰ ਫਿਰ ਵੀ ਉਹ ਆਪਣੇ ਸਮਾਜ ਪ੍ਰਤੀ ਫ਼ਿਕਰਮੰਦ ਹੈ ਤੇ ਉਸ ਦੀ ਕਲਮ ਉਸ ਦੇ ਫ਼ਿਕਰ ਵਿਚ ਸ਼ਰੀਕ ਹੈ। ਕਵੀ ਸ਼ਿਵ ਕੁਮਾਰ ਦਾ ਪ੍ਰਭਾਵ ਵੀ ਕਬੂਲਦਾ ਹੈ, ਪਰੰਤੂ ਇਹ ਵੀ ਜਾਪਦਾ ਹੈ ਕਿ ਉਹਨੇ ਨਿੱਕੀ ਉਮਰੇ ਹੀ ਚੰਗੀਆਂ ਕਿਤਾਬਾਂ ਪੜ੍ਹ ਲਈਆਂ ਹਨ, ਜਿਨ੍ਹਾਂ ਕਰਕੇ ਉਹਦੀ ਕਵਿਤਾ ਗੀਤ ਜਾਂ ਗ਼ਜ਼ਲ ਰੁੱਖੀ-ਫਿੱਕੀ ਨਹੀਂ, ਸਗੋਂ ਠੰਢੀ-ਮਿੱਠੀ ਲੱਗਦੀ ਹੈ।

ਮੈਂ ਉਸ ਨੂੰ ਇਸ ਦੇ ਪਲੇਠੇ ਯਤਨ ਤੇ ਪਲੇਠੇ ਕਾਵਿ-ਸੰਗ੍ਰਹਿ ਦੀ ਪ੍ਰਕਾਸ਼ਨਾ ਉੱਤੇ ਦਿਲੋਂ ਮੁਬਾਰਕਾਂ ਦਿੰਦਾ ਹਾਂ। ਕਵਿਤਾ ਦੇ ਵਿਹੜੇ ਵਿਚ ਉਹ ਨਵੀਆਂ ਪੈੜਾਂ ਪਾਵੇਗਾ, ਇਹ ਵੀ ਮੈਨੂੰ ਵਿਸ਼ਵਾਸ ਹੈ।

**- ਨਿੰਦਰ ਘੁਗਿਆਣਵੀ**
VPO ਘੁਗਿਆਣਾ,
ਫਰੀਦਕੋਟ।

# ਕੁਝ ਸ਼ਬਦ

ਜਸਪਿੰਦਰ ਉਦੋਂ ਤੋਂ ਮੇਰਾ ਬਹੁਤ ਪਿਆਰਾ ਅਤੇ ਸੁਹਿਰਦ ਵਿਦਿਆਰਥੀ ਰਿਹਾ ਹੈ ਜਦੋਂ ਉਹ ਵਿਦਿਅਕ ਸਾਲ 2004-05 ਦੌਰਾਨ ਮਾਤਾ ਗੁਜਰੀ ਕਾਲਜ ਅੰਦਰ ਬੀ.ਏ. ਭਾਗ ਪਹਿਲਾ ਵਿਚ ਦਾਖ਼ਲ ਹੋਇਆ ਸੀ। ਉਸ ਅੰਦਰਲੀ 'ਸਾਹਿਤਕ ਚਿਣਗ' ਦਾ ਮੈਨੂੰ ਉਸ ਸਮੇਂ ਇਲਮ ਹੋਇਆ ਜਦੋਂ ਉਸਨੇ ਕਾਲਜ ਮੈਗਜ਼ੀਨ 'ਫਤਿਹਗੜ੍ਹ' ਲਈ ਆਪਣਾ ਇਕ ਆਰਟੀਕਲ ਮੈਨੂੰ ਦਿੱਤਾ ਜੋ ਕਿ 'ਮੌਤ' ਦੇ ਵਿਸ਼ੇ ਨਾਲ ਸੰਬੰਧਤ ਸੀ। ਦਾਰਸ਼ਨਿਕ ਛੋਹ ਵਾਲੀ ਉਸਦੀ ਗਹਿਰ-ਗੰਭੀਰ ਰਚਨਾ ਹੋਰ ਰਚਨਾਵਾਂ ਨਾਲੋਂ ਬਿਲਕੁਲ ਅੱਡਰੀ ਹੋਣ ਕਾਰਨ ਮੇਰੇ ਧਿਆਨ ਦਾ ਵਿਸ਼ੇਸ਼ ਕੇਂਦਰ ਬਣੀ।

ਆਪਣੀ ਸਾਹਿਤਕ ਚੇਟਕ ਅਤੇ ਲਗਨ ਕਾਰਨ ਸੁਭਾਵਕ ਹੀ ਜਸਪਿੰਦਰ ਨੇ ਬੀ.ੲ. ਕਰ ਲੈਣ ਉਪਰੰਤ ਵਿਦਿਅਕ ਸਾਲ 2007-08 ਦੌਰਾਨ ਸਾਡੇ ਕੋਲ ਹੀ ਐਮ.ਏ. ਪੰਜਾਬੀ ਵਿਚ ਦਾਖ਼ਲਾ ਲੈ ਲਿਆ। ਵਿਦਿਅਕ ਸਾਲ 2007-08 ਦੇ ਕਾਲਜ ਮੈਗਜ਼ੀਨ 'ਫਤਿਹਗੜ੍ਹ' ਵਿਚ ਪ੍ਰਕਾਸ਼ਿਤ ਕਰਨ ਹਿਤ ਉਸਨੇ ਮੈਨੂੰ ਆਪਣੀਆਂ ਕੁਝ ਰਚਨਾਵਾਂ ਦਿੱਤੀਆਂ ਤਾਂ ਮੈਨੂੰ ਬਹੁਤ ਵਧੀਆ ਲੱਗਾ। ਉਪਰੰਤ ਦੂਜੇ ਸੀਮੈਸਟਰ ਦੇ ਅੰਤਲੇ ਦਿਨਾਂ (ਮਈ 2008) ਵਿਚ ਉਹ ਇਕ ਦਿਨ ਮੇਰੇ ਕੋਲ ਉਚੇਚੇ ਤੌਰ 'ਤੇ ਆਇਆ ਅਤੇ ਸੰਗਦਿਆਂ-ਸੰਗਦਿਆਂ ਦੱਸਿਆ ਕਿ ਮੈਂ ਆਪਣੀ ਇਕ ਕਵਿਤਾਵਾਂ ਦੀ ਕਿਤਾਬ ਛਪਵਾ ਰਿਹਾ ਹਾਂ ਅਤੇ ਚਾਹੁੰਦਾ ਹਾਂ ਕਿ ਤੁਸੀਂ ਬਤੌਰ ਅਧਿਆਪਕ ਮੇਰੇ ਇਸ ਛਪ ਰਹੇ ਕਾਵਿ-ਸੰਗ੍ਰਹਿ ਬਾਰੇ ਆਸ਼ੀਰਵਾਦ ਵਜੋਂ 'ਕੁਝ ਸ਼ਬਦ' ਜ਼ਰੂਰ ਲਿਖੋ।

ਮੈਨੂੰ ਸੁਣ ਕੇ ਹੈਰਾਨੀ ਭਰੀ ਖੁਸ਼ੀ ਹੋਈ। ਹੈਰਾਨੀ ਇਸ ਗੱਲ ਦੀ ਹੋਈ ਕਿ ਅਜੋਕੇ ਬਦਲੇ ਹੋਏ ਵਰਤ-ਵਰਤਾਰੇ ਵਿਚ ਜਦੋਂ ਬਹੁਤੇ ਮੁੰਡਿਆਂ ਦਾ, ਕਵੀ ਹੋਣਾ ਤਾਂ ਬਹੁਤ ਦੂਰ, ਪੜ੍ਹਨ-ਲਿਖਣ ਨਾਲ ਵੀ ਇੱਟ-ਘੜੇ ਦਾ ਵੈਰ ਚੱਲ ਰਿਹਾ ਹੈ। ਤਾਂ ਇਹ ਨੌਜਵਾਨ, ਸਾਰੀ ਕਲਾਸ ਕੁੜੀਆਂ ਦੀ ਅਤੇ ਉਹ 'ਵਿਚਾਰਾ' ਇਕੱਲਾ ਮੁੰਡਾ ਹੋਣ ਦਾ ਸੰਤਾਪ ਭੋਗਣ ਦੇ ਬਾਵਜੂਦ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਜਿਗਰਾ ਹੀ ਨਹੀਂ ਵਿਖਾ ਰਿਹਾ ਸਗੋਂ ਇਸ ਤੋਂ ਵੀ ਦੋ ਕਦਮ ਅਗਾਂਹ ਜਾਂਦਿਆਂ ਕਵਿਤਾਵਾਂ ਲਿਖ ਹੀ ਨਹੀਂ ਰਿਹਾ ਸਗੋਂ ਸਾਹਿਤਕ ਪੱਧਰ 'ਤੇ ਇਸ ਯੋਗ ਵੀ ਹੋ ਗਿਆ ਹੈ ਕਿ ਇਨ੍ਹਾਂ ਨੂੰ ਕਾਵਿ-ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਿਤ ਕਰਕੇ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਵੱਡਾ ਉੱਦਮ ਵੀ ਕਰ ਰਿਹਾ ਹੈ।

ਵੱਡੀ ਖ਼ੁਸ਼ੀ ਅਤੇ ਤਸੱਲੀ ਮੈਨੂੰ ਇਸ ਗੱਲ ਦੀ ਹੋਈ ਕਿ ਆਧੁਨਿਕ ਦੌਰ ਵਿਚ ਜਦੋਂ ਸਾਡੇ ਬਹੁ-ਗਿਣਤੀ ਗੱਭਰੂ ਆਪਣੇ ਆਪ ਨੂੰ ਪ੍ਰਗਟਾਉਣ ਲਈ ਅਤੇ ਆਪਣੀ ਹੋਂਦ ਨੂੰ ਵਿਲੱਖਣ ਦਰਸਾਉਣ ਲਈ ਬੜੇ ਸਤਹੀ, ਹੋਛੇ, ਕੁਹਜੇ, ਬੇ-ਸਿਰ-ਪੈਰ ਅਤੇ ਊਟ-ਪਟਾਂਗ ਕਿਸਮ ਦੇ ਕਾਹਲ ਭਰੇ ਢੰਗ-ਤਰੀਕਿਆਂ ਦਾ ਸਹਾਰਾ ਲੈਣ ਵਿਚ ਗਲਤਾਨ ਹਨ ਤਾਂ ਸਾਡੇ ਇਸ ਸੂਝਵਾਨ ਅਤੇ ਸੰਜੀਦਾ ਵਿਦਿਆਰਥੀ ਨੇ ਚਾਲੂ ਰੁਝਾਨ ਤੋਂ ਬਿਲਕੁਲ ਹੱਟ ਕੇ ਆਪਣੇ

ਆਪ ਨੂੰ ਪ੍ਰਗਟਾਉਣ ਲਈ ਅਤੇ ਆਪਣੀ ਹੋਂਦ, ਸਮਰੱਥਾ ਅਤੇ ਯੋਗਤਾ ਨੂੰ ਦਰਸਾਉਣ ਲਈ ਇਕ ਔਖਾ ਪਰ ਬਹੁਤ ਹੀ ਵਧੀਆ, ਸਿਹਤਮੰਦ, ਅਰਥ ਭਰਪੂਰ, ਸਹਿਜ ਅਤੇ ਸੁਹਜਾਤਮਕ ਮਾਧਿਅਮ ਚੁਣਆ ਹੈ। ਹੋਰ ਅਨੇਕਾਂ ਉਚੇਚੇ ਉਦੇਸ਼ਾਂ ਤੋਂ ਇਲਾਵਾ ਸਾਹਿਤਕਾਰੀ ਦਾ ਇਕ ਉਦੇਸ਼ ਸਵੈ ਨੂੰ ਪ੍ਰਗਟਾਉਣਾ ਜਾਂ ਮਨੁੱਖ ਦਾ ਸਵੈ-ਪ੍ਰਕਾਸ਼ਨ ਦੀ ਸੁਭਾਵਕ ਬਿਰਤੀ ਨੂੰ ਤ੍ਰਿਪਤਾਉਣਾ ਵੀ ਹੁੰਦਾ ਹੈ। ਜਸਪਿੰਦਰ ਨੇ ਸਵੈ-ਪ੍ਰਕਾਸ਼ਨ ਲਈ ਜਿਹੜਾ ਮਾਧਿਅਮ ਚੁਣਿਆ ਹੈ। ਉਸ ਲਈ ਉਹ ਮੇਰੀ ਉਚੇਚੀ ਦਾਦ ਅਤੇ ਸ਼ਾਬਾਸ਼ ਦਾ ਪੂਰਾ ਪੂਰਾ ਹੱਕਦਾਰ ਹੈ।

ਉਸਦੇ ਕਵੀ ਹੋਣ ਤੋਂ ਵੀ ਵੱਡੀ ਪ੍ਰਸੰਨਤਾ ਅਤੇ ਸੰਤੁਸ਼ਟਤਾ ਮੈਨੂੰ ਇਹ ਵੇਖ ਕੇ ਹੋਈ ਕਿ ਜਿਥੇ ਇਹ ਨੌਜਵਾਨ, ਅਧਿਆਪਕ ਅਤੇ ਵਿਦਿਆਰਥੀ ਵਿਚਲੇ ਆਪਸੀ ਰਿਸ਼ਤੇ ਦੀ ਵਿਆਕਰਣ ਦੀ ਉਚਿਤ ਸਮਝ ਰੱਖਦਾ ਹੈ ਉਥੇ ਉਸ ਕੋਲ ਇਸ ਅਹਿਮ ਰਿਸ਼ਤੇ ਨੂੰ ਖ਼ੂਬਸੂਰਤੀ ਨਾਲ ਨਿਭਾਉਣ ਲਈ ਲੋੜੀਂਦਾ ਉਚੇਰਾ ਸਲੀਕਾ, ਸਦਾਚਾਰਕ ਭਾਵ, ਵਿਵੇਕ ਅਤੇ ਕ੍ਰਿਤਗਤਾ ਦਾ ਭਾਵ ਵੀ ਭਰਪੂਰ ਮਾਤਰਾ ਵਿਚ ਮੌਜੂਦ ਹੈ।

ਮੇਰਾ ਇਹ ਮੰਨਣਾ ਹੈ ਕਿ "ਰਚਨਾ ਰਚਨਕਾਰ ਤੋਂ ਵੱਡੀ ਨਹੀਂ ਹੁੰਦੀ।" ਜਸਪਿੰਦਰ ਨੂੰ ਮੈਂ ਇਕ ਲੇਖਕ ਦੀ ਬਜਾਇ ਇਕ ਵਿਦਿਆਰਥੀ ਅਤੇ ਇਨਸਾਨ ਵਜੋਂ ਵਾਚਣ ਦਾ ਨਿੱਕਾ ਜਿਹਾ ਸੁਹਿਰਦ ਯਤਨ ਕੀਤਾ ਹੈ। ਇਸ ਯਤਨ ਦੇ ਅੰਤਰਗਤ ਮੈਂ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਇਕ ਚੰਗਾ ਵਿਦਿਆਰਥੀ ਅਤੇ ਇਨਸਾਨ ਹੋਣ ਦੇ ਨਾਤੇ ਉਸ ਵਿਚ ਇਕ ਚੰਗਾ ਕਵੀ ਹੋਣ ਦੀਆਂ ਭਰਪੂਰ ਸੰਭਾਵਨਾਵਾਂ ਮੌਜੂਦ ਹਨ। ਉਸਦੀ ਕਵਿਤਾ ਦਾ ਪੱਧਰ ਕੀ ਹੈ? ਇਸ ਗੱਲ ਦਾ ਨਿਰਣਾ ਮੈਂ ਨਹੀਂ ਸਗੋਂ ਉਸ ਦੇ ਸੁਹਿਰਦ ਪਾਠਕਾਂ, ਵਿਸ਼ਾਲ ਪੰਜਾਬੀ ਸਾਹਿਤ ਜਗਤ ਅਤੇ ਵਿਸ਼ੇਸ਼ ਕਰਕੇ ਸਮੇਂ ਨੇ ਕਰਨਾ ਹੈ। ਮੇਰੇ ਲਈ ਅਤੇ ਮਾਤਾ ਗੁਜਰੀ ਕਾਲਜ ਲਈ ਤਾਂ ਇਹ ਹੀ ਬਹੁਤ ਵੱਡੇ ਮਾਣ, ਸਤਿਕਾਰ ਅਤੇ ਧਰਵਾਸ ਵਾਲੀ ਗੱਲ ਹੈ ਕਿ ਸਾਡੇ ਇਸ ਹੋਣਹਾਰ ਸ਼ਾਗਿਰਦ ਨੇ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਮੌਸਮਾਂ ਦੀ ਮਾਰ' ਨਾਲ ਪੰਜਾਬੀ ਕਾਵਿ-ਜਗਤ ਅੰਦਰ ਆਪਣੇ ਕਵੀ ਹੋਣ ਦੀ ਪਹਿਲੀ ਦਸਤਕ ਦੇ ਦਿੱਤੀ ਹੈ। ਉਸਦੀ ਇਸ ਕਿਤਾਬ ਦੇ ਪ੍ਰਕਾਸ਼ਨ ਦੇ ਸ਼ੁਭ ਅਵਸਰ 'ਤੇ ਅਧਿਆਪਕ ਹੋਣ ਦੇ ਨਾਤੇ ਜਿਥੇ ਮੈਂ ਉਸਨੂੰ ਹਾਰਦਿਕ ਮੁਬਾਰਕਬਾਦ ਅਤੇ ਸ਼ੁਭਕਾਮਨਾਵਾਂ ਪੇਸ਼ ਕਰਦਾ ਹਾਂ ਉਥੇ 'ਸਿਦਕ ਦਾ ਭਰ ਵਗਦਾ ਦਰਿਆ' ਮਾਤਾ ਗੁਜਰੀ ਜੀ ਅੱਗੇ ਉਸਦੇ ਉਜਵਲ ਭਵਿੱਖ ਲਈ ਅਰਦਾਸ ਵੀ ਕਰਦਾ ਹਾਂ।

08-06-2008

**ਜਗਜੀਵਨ ਸਿੰਘ (ਡਾ.)**
ਪੰਜਾਬੀ ਵਿਭਾਗ
ਮਾਤਾ ਗੁਜਰੀ ਕਾਲਜ,
ਫਤਿਹਗੜ੍ਹ ਸਾਹਿਬ।

## ਕੀ ਹੈ ਕਵਿਤਾ

ਕਵਿਤਾ ਕਾਵਾਂ ਦੀ ਕਾਂ-ਕਾਂ ਨਹੀਂ
ਕਵਿਤਾ ਤੂਫ਼ਾਨ ਦੀ ਸਾਂ-ਸਾਂ ਨਹੀਂ
ਕਵਿਤਾ
ਕਈਆਂ ਲਈ ਅਜੇ ਬੁਝਾਰਤ
ਕਈ ਕਵਿਤਾ ਨੂੰ ਕਮਲੀ ਦੱਸਦੇ
ਕਈ ਹੋਣਗੇ ਵੇਖੇ
ਪੜ੍ਹ-ਪੜ੍ਹ ਹੱਸਦੇ
ਕਵਿਤਾ ਪੱਥਰ ਪਾੜ ਸੁੱਟਣ ਵਾਲੀ
ਅਖੌਤੀ, ਬੁਰੀ, ਕੁਲੱਛਣੀ
ਨਹੀਂ...

ਕਵਿਤਾ ਕੁਝ ਨੂੰ
ਨਾਗਣੀ ਜਾਪਦੀ ਹੋਵੇਗੀ
ਕਵਿਤਾ ਕਈਆਂ ਨੂੰ
ਡੱਸਦੀ ਹੋਵੇਗੀ...
ਕਵਿਤਾ ਕੁਝ ਲਈ
ਨਿਰੀ ਕਲਪਨਾ ਚਿੱਕੜ
ਕਵਿਤਾ ਕੁਝ ਲਈ
ਜ਼ਖਮਾਂ ਦਾ ਸਿੱਕੜ
ਕੁਝ ਨੂੰ ਲੱਗਦੀ
ਰੋਹੀਆਂ ਵਿਚ
ਉਜਾੜਾਂ ਵਿਚ
ਥਲਾਂ ਵਿਚ... ਆਪੇ ਉੱਗੀ...
ਕੁਝ ਨੂੰ ਲੱਗਦੀ
ਆਪ ਮੁਹਾਰੇ ਮਨ ਦੇ ਬਨੇਰੇ ਆ ਬਹਿਣ ਵਾਲੀ
ਘੁੱਗੀ...

ਮੈਂ ਵੀ ਲੱਭਦਾਂ... ਕਦੇ ਫੜਦਾਂ
ਹਰ ਪਲ 'ਚੋਂ... ਹਰ ਸਾਹ 'ਚੋਂ
ਕੀ ਹੈ ਕਵਿਤਾ...?
ਕਿਸ ਹਾਲ 'ਚ ਹੈ ਕਵਿਤਾ...?

## ਕੀਨੂੰ ਦੱਸਾਂ...

ਜਦੋਂ ਕਦੇ ਆਉਂਦੀ ਏ
ਯਾਦ ਬਚਪਨ ਦੀ
ਜਾਂ ਸਕੂਲੀ ਦਿਨਾਂ ਦੀ
ਸੋਚਾਂ ਦੀ ਛਤਰੀ ਭਰ ਜਾਂਦੀ
ਨਾਲ ਗੂੜ੍ਹੀਆਂ ਯਾਦਾਂ ਦੇ
ਨਾਲ ਝੋਰਿਆਂ ਦੇ
ਨਾਲ ਮਰ ਚੁੱਕੀਆਂ ਹਿਰਸਾਂ ਦੇ।

ਤ੍ਰਭਕ ਕੇ... ਡਰ ਕੇ
ਤੇ ਫਿਰ ਹੋ ਨਿਢਾਲ ਪਰਤ ਆਉਂਦਾ ਹਾਂ
ਬੀਤੇ ਤੋਂ ਅੱਜ ਵਿਚ
ਵਰਤਮਾਨ ਦੇ ਹੱਜ ਵਿਚ

ਮੈਂ ਕੀਨੂੰ ਦੱਸਾਂ
ਲੜਦੇ ਨੇ ਮੇਰੇ ਅੰਦਰ ਜੋਰੀਂ
ਬੀਤੇ ਪਲ
ਤੇ ਅਧੂਰੀਆਂ ਤਾਂਘਾਂ
ਮੇਰਾ ਜੁੱਸਾ ਬਣ ਰਹਿ ਜਾਂਦਾ
ਦੋ ਧਿਰਾਂ ਦਾ ਅਖਾੜਾ
ਲਾਵਾਰਿਸ ਡਫਲੀ...
ਤੇ ਮੈਂ... ... ...

## ਮੈਂ ਬਸ ਮੈਂ

ਕਦੇ ਮੰਦਰ
ਕਦੇ ਮਸੀਤ
ਕਦੇ ਧਾਗਾ
ਕਦੇ ਤਵੀਤ
ਬਸ ਰੱਬ, ਖ਼ੁਦਾ ਤੇ ਰਾਮ ਦੇ ਦਰ
ਭਾਉਂਦੇ ਫਿਰਦੇ...
ਕਸ਼ਟਾਂ ਦੀ ਨਵਿਰਤੀ ਲਈ
ਹਰ ਥਾਂ ਅਲਖ ਜਗਾਉਂਦੇ ਫਿਰਦੇ...

ਹੋ ਜਾਂਦੇ ਹਾਂ ਉਹਦੇ ਦਰ ਤੇ
ਓਪਰੀ ਸ਼ਰਧਾ ਵਿਚ ਗੜੂਚ
ਰੱਖ ਕੇ ਮੰਨਤਾਂ ਦਾ ਥਾਲ
ਸਾਰੇ ਦੇ ਸਾਰੇ ਝੁਕ ਜਾਂਦੇ ਹਾਂ
ਅੰਦਰੀਂ ਖੜ੍ਹੀ ਰਹਿੰਦੀ ਫਿਰ ਵੀ
"ਮੈਂ"... ... ...

ਘਰ ਆਈਏ ਤਾਂ
ਸਭ ਪਿੱਛੇ ਰਹਿ ਜਾਂਦਾ...
ਬਸ ਨਾਲ ਆਉਂਦੀ
ਇਕ "ਮੈਂ"... ... ...

ਜੋ ਚਾਹਿਆ ਖ਼ੁਦਾ ਤੋਂ
ਉਹ ਨਾ ਮਿਲਿਆ
ਕੋਸਦੇ ਉਸ ਨੂੰ
ਕਹਿ ਕਮ ਦਿਲਿਆ
ਸਾਡੀ ਦੂਜਿਆਂ ਨੂੰ ਕੋਸਣ ਦੀ ਬਿਰਤੀ
ਬੱਚਿਆਂ ਤੋਂ ਲੈ ਕੇ
ਖ਼ੁਦਾ ਤੱਕ ਜਾ ਅੱਪੜੀ
ਇੱਥੋਂ ਵੀ ਇਕ ਪ੍ਰਚੰਡ ਸ਼ਕਤੀ ਨਿੱਤਰੀ
"ਮੈਂ" ਬਸ "ਮੈਂ"... ... ...

ਇਸ "ਮੈਂ" ਦਾ ਕੋਈ ਨਾ ਸਾਨੀ
ਸਭ ਕੁਝ ਫ਼ਾਨੀ
ਇਕ "ਮੈਂ" ਨਾ ਫ਼ਾਨੀ...।

## ਹਰਫ਼

ਮੇਰੇ ਸੀਨੇ ਦੇ ਧੁਰ ਅੰਦਰ
ਤਰਦੇ ਨੇ ਹਰਫ਼
ਹੌਂਸਲਾ ਬੇਸ਼ੁਮਾਰ ਲੈ ਕੇ
ਛੱਲਾਂ ਉਠਦੀਆਂ
ਲਹਿਰਾਂ ਆਉਂਦੀਆਂ
ਚੜ੍ਹ-ਚੜ੍ਹ
ਤਾਂ ਵੀ...
ਰੱਖਦੇ ਜਿਗਰਾ
ਪਥਰਾਟ ਜਿਹਾ

ਪਰ ਖੌਰੇ ਕਿਉਂ
ਜ਼ੁਬਾਨ ਤੇ ਆਉਣੋਂ
ਸੰਗ ਜਾਂਦੇ
ਤੇ ਮੇਰੀ ਕਲਮ ਦੇ ਮੁਰੀਦ ਬਣ
ਚੋਅ ਪੈਂਦੇ ਨੇ
ਨੋਕ 'ਚੋਂ
ਵਰਕੇ ਤੇ ਤਿਪ-ਤਿਪ...

## ਇਨਸਾਨ ਖ਼ੁਦਾ ਦਾ

ਕੁਦਰਤ ਨੇ ਅਸੀਂ ਇਨਸਾਨ ਬਣਾਏ
ਪਰ ਬਣ ਬੈਠੇ ਹਾਂ
ਕੀ ਤੋਂ ਕੀ
ਇਨਸਾਨ ਖ਼ੁਦਾ ਦਾ
ਥੋੜ੍ਹੀ ਵਾਟ ਦਾ
ਬਸ ਜਨਮ ਤੋਂ ਬਚਪਨ ਤੀਕ
ਫਿਰ ਅੱਗੋਂ
ਆਪਣੇ ਲੇਖਾਂ ਦੀ ਖ਼ੁਦ
ਲੈਂਦਾ ਖਿੱਚ ਝਰੀਟ

ਕੀ ਉਹ
ਬਚਪਨ ਦਾ ਪੈਂਡਾ
ਕੀ ਉਹ
ਮਸੂਮੀਅਤ ਦਾ ਸਫ਼ਰ
ਬਸ ਇੱਥੇ ਤੱਕ ਹੈ ਸੀਮਤ
ਇਨਸਾਨ ਖ਼ੁਦਾ ਦਾ…?

## ਮੇਰੀ ਜ਼ਿੰਦਗੀ

ਮੇਰੀ ਜ਼ਿੰਦਗੀ
ਰਾਤ ਕਾਲੀ
ਦੀ ਚੁੱਪ ਹੈ
ਮੇਰੀ ਜ਼ਿੰਦਗੀ
ਕਹਿਰ ਜੇਠ
ਦੀ ਧੁੱਪ ਹੈ
ਮੇਰੀ ਖ਼ੁਸ਼ੀ
ਫੁੱਲਾਂ ਤੋਂ ਤਿਲਕਦੀ
ਔਸ ਹੈ
ਮੇਰੀ ਹਾਸੀ
ਕਿਸੇ ਦਾ
ਅਫਸੋਸ ਹੈ
ਮੇਰੇ ਕਦਮਾਂ ਥੱਲੇ
ਸਿਵਿਆਂ ਦਾ
ਰਾਹ ਹੈ
ਮੇਰੇ ਸੁਪਨਿਆਂ 'ਚ
ਅਚੇਤ ਦੀ
ਧਾਹ ਹੈ
ਮੇਰੇ ਪੋਟੇ
ਭੱਖਦੇ ਹੋਏ
ਅੰਗਾਰ ਨੇ
ਮੇਰੇ ਹਰਫ਼
ਗਮਾਂ ਦੇ
ਸਵਾਰ ਨੇ
ਮੇਰਾ ਦਰਦ
ਹੱਡਾਂ ਦਾ
ਚੂਰਮਾ ਏ
ਮੇਰਾ ਸਿਦਕ

ਹਾਰਿਆ
ਸੂਰਮਾ ਏ
'ਮੇਰੀ ਚੁੱਪ'
ਕਿਸੇ ਦੀ ਬੇਵਫਾਈ
'ਤੇ ਪਰਦਾ ਹੈ
ਮੇਰੇ ਨੈਣਾਂ
ਵਿਚ ਤਾਪ
'ਲਾਈ' ਦਾ ਤਰਦਾ ਹੈ

ਮੇਰੀ ਹੋਂਦ
ਕਿਸੇ ਲਈ
ਵੰਗਾਰ ਹੈ
ਮੇਰੇ ਹਾਸਿਆਂ 'ਤੇ
ਮੌਸਮਾਂ ਦੀ
ਮਾਰ ਹੈ

## ਕੀ ਹੁਣ ਕਵਿਤਾ

ਕੀ ਹੁਣ ਕਵਿਤਾ
ਮਾਡਰਨ ਅਖਵਾਉਣ ਲੱਗ ਪਈ ਏ...
ਕੀ ਹੁਣ ਕਵਿਤਾ
ਕਵੀਆਂ ਦੇ ਮਨਾਂ ਵਿਚ ਸੌਣ ਲੱਗ ਪਈ ਏ...
ਕੀ
ਕਵਿਤਾ ਦਾ ਦਮ ਘੁਟਦਾ ਜਾਂਦੈ...?
ਕੀ
ਸਾਡਾ ਕਵਿਤਾ ਤੋਂ ਰਿਸ਼ਤਾ ਟੁੱਟਦਾ ਜਾਂਦੈ...?
ਕੀ ਕਵਿਤਾ ਵੀ ਬਣ ਗਈ ਏ
ਆਧੁਨਿਕ ਜੰਤਰ
ਜਾਂ ਕੋਈ
ਡਿਜੀਟਲ ਤੰਤਰ

ਕਿਉਂ ਨਹੀਂ ਆਉਂਦੀ ਕਵਿਤਾ
ਸਾਡੇ ਧੁਰ ਵਿਚ
ਸਾਡੇ ਖ਼ੁਆਬਾਂ ਵਿਚ
ਸ਼ਾਇਦ...
ਕਵਿਤਾ ਮੰਗਦੀ ਏ...
ਉਹ ਸਭ ਜਿਸ ਤੋਂ ਅਸੀਂ ਸੱਖਣੇ ਹਾਂ...
ਸਾਡੇ ਅੰਦਰ ਤਾਂ
ਅੰਤਾਂ ਦਾ...
ਕਹਿਰਾਂ ਦਾ...
ਸ਼ੋਰ ਹੈ...

ਉਹ ਸ਼ੋਰ ਜਿਹੜਾ ਸਿਰਫ ਤੇ ਸਿਰਫ
ਆਪਣਾ ਹੀ ਰਾਗ ਅਲਾਪ ਰਿਹਾ ਹੈ।

## ਅਰਜ਼ੋਈ

ਅਸੀਂ ਅੱਜ ਕੱਲ੍ਹ
ਵੱਡੀਆਂ-ਵੱਡੀਆਂ ਪੁਕਾਰਾਂ,
ਉੱਚੀਆਂ-ਉੱਚੀਆਂ ਅਪੀਲਾਂ ਤੇ ਦਲੀਲਾਂ
ਆਪਣੇ ਤੋਂ ਬਾਹਰ ਦੀਆਂ
ਸ਼ਹਿਰ ਤੋਂ ਬਾਹਰ ਦੀਆਂ
ਤੇ ਦੇਸ਼ ਤੋਂ ਬਾਹਰ ਦੀਆਂ ਸੁਣਦੇ
ਪਰ ਕੁੱਖ ਵਿਚਲੀ ਅਰਜ਼ੋਈ
ਨਿੱਕੀ ਪੁਕਾਰ
ਸਾਡੇ ਕੰਨਾਂ ਲਈ ਓਪਰੀ ਕਿਉਂ...?

## ਲਫ਼ਜ

ਲਫ਼ਜ ਕਦੇ
ਕੀਰਨੇ ਨਹੀਂ ਪਾਉਂਦੇ
ਲਫ਼ਜਾਂ ਨੂੰ ਕਦੇ
ਦੰਦਲ ਨਹੀਂ ਪੈਂਦੀ
ਪਰ ਲਫ਼ਜ ਰਹਿੰਦੇ ਖਾਮੋਸ਼ ਵੀ ਨਹੀਂ
ਕਿਸੇ ਨੂੰ ਤੜਫਾਉਣ ਵਿਚ
ਲਫਜਾਂ ਦਾ ਦੋਸ਼ ਵੀ ਨਹੀਂ...

ਲਫ਼ਜਾਂ ਦਾ ਬੜਾ ਉੱਚਾ
ਰੁਤਬਾ
ਲਫ਼ਜਾਂ ਦਾ ਵਜੂਦ ਬੜਾ
ਪੁਖਤਾ...

## ਸੁਰੱਖਿਆ

ਅੱਜ
ਅਖ਼ਬਾਰ ਡਿੱਠੀ ਤਾਂ
ਇਕ ਖ਼ਬਰ ਮੋਟੀਆਂ ਸਤਰਾਂ ਵਿਚ ਛਪੀ ਸੀ–
'ਔਰਤ ਨਾਲ ਬਲਾਤਕਾਰ'
ਤੇ ਬਾਰੀਕ ਸਤਰਾਂ
ਸਨ ਥੱਲੇ
ਗੱਲ ਕਰਦੀਆਂ
'ਅਦਾਲਤੀ ਇਨਸਾਫ਼'
ਦਿਵਾਉਣ ਦੀਆਂ
ਕਿਉਂਕਿ ਹੈਵਾਨੀਅਤ ਦਾ ਮੁੱਢ ਸੀ
ਖ਼ਾਕੀ ਦੀ ਪਕੜ ਵਿਚ...

ਹੁਣ ਮੇਰੀ ਸੋਚ ਅੱਗੇ
ਇਕ ਵੱਡਾ ਸਵਾਲ ਸੀ
ਕਿ ਔਰਤ ਕਿੱਥੇ ਹੈ...
ਸੁਰੱਖਿਅਤ...

ਬਾਬੁਲ ਦੇ ਘਰ...
ਸਹੁਰੀਂ ਘਰ...
ਦਫ਼ਤਰ ਵਿਚ...
ਜਾਂ ਕੁੱਖ ਵਿਚ...??

## ਨਗਰ

ਇਸ ਨਗਰ ਦੇ ਸੀਨੇ ਦਿਲ ਨਹੀਂ
ਸਿਰਫ ਖੋਖੇ ਨੇ
ਇਹ ਖੋਖੇ ਖਾਲੀ ਨਹੀਂ
ਇਨ੍ਹਾਂ ਵਿਚ ਧੋਖੇ ਨੇ

ਇਸ ਨਗਰ ਦੇ ਹੱਥ-ਹੱਥ ਨਹੀਂ
ਕੋਈ ਦਸਤ ਨਹੀਂ
ਇਨ੍ਹਾਂ ਹੱਥਾਂ ਵਿਚ ਵਿਕਾਸ ਦੀ
ਕੋਈ ਵਸਤ ਨਹੀਂ

ਇਸ ਨਗਰ ਦੀਆਂ ਅੱਖਾਂ ਨਹੀਂ
ਕੋਈ ਦ੍ਰਿਸ਼ਟੀ ਨਹੀਂ
ਇਸ ਦੀ ਨਜ਼ਰ 'ਚ ਵੱਸਦੀ
ਜਿੰਦ ਜਾਨ
ਜਾਂ ਸ੍ਰਿਸ਼ਟੀ ਨਹੀਂ

ਇਸ ਨਗਰ ਵਿਚ
ਕਈ ਟੋਲੀਆਂ ਨੇ
ਕਈ ਬਸਤੀਆਂ ਨੇ
ਜਾਨਾਂ ਮਹਿੰਗਿਆਂ ਲਈ
ਬਹੁਤ ਸਸਤੀਆਂ ਨੇ

ਇਸ ਨਗਰ ਵਿਚ ਹੈ-ਚੜ੍ਹਤ
ਮੁੱਠਾਂ ਦੀ, ਗੁੱਟਾਂ ਦੀ
ਲੱਕੜ ਦੀਆਂ ਚਾਰ ਲੱਤਾਂ ਦੀ
ਓਪਰੀਆਂ ਜੱਤਾਂ ਦੀ

ਇਹ ਨਗਰ ਬਾਹਰੋਂ ਵੱਸਦਾ ਦਿਸਦੈ
ਇਹ ਨਗਰ ਬਾਹਰੋਂ ਹੱਸਦਾ ਦਿਸਦੈ

ਪਰ ਇਸ ਨਗਰ ਵਿਚ
ਕੋਈ ਖੇੜਾ ਨਹੀਂ
ਖ਼ੁਸ਼ੀ ਨਹੀਂ
ਇਸ ਨਗਰ ਵਿਚ
ਮੈਂ-ਮੈਂ ਨਹੀਂ
ਤੁਸੀਂ-ਤੁਸੀਂ ਨਹੀਂ

## ਇਹ ਜ਼ਿੰਦਗੀ

ਹਰ ਪਲ ਸੋਚਾਂ ਵਿਚ
ਬੈਠੇ ਰਹਿਣਾ
ਇਹ ਜ਼ਿੰਦਗੀ ਤਾਂ ਨਹੀਂ
ਲੰਘੇ ਮੌਕਿਆਂ ਨੂੰ
ਯਾਦ ਕਰ
ਕਿਸਮਤ ਨੂੰ ਕੋਸੀ ਜਾਣਾ
ਇਹ ਜ਼ਿੰਦਗੀ ਤਾਂ ਨਹੀਂ
ਵਿਛੜਿਆਂ ਨੂੰ ਚੇਤੇ ਕਰ
ਧਾਹਾਂ ਮਾਰਨੀਆਂ
ਇਹ ਜ਼ਿੰਦਗੀ ਤਾਂ ਨਹੀਂ
ਜਿਉਂਦਿਆਂ ਦੀਆਂ ਅਪੀਲਾਂ
ਸੂਲੀ ਚਾੜ੍ਹਨੀਆਂ
ਇਹ ਜ਼ਿੰਦਗੀ ਤਾਂ ਨਹੀਂ
ਮੁਸੀਬਤਾਂ ਨੂੰ ਵੇਖ
ਢਹਿ ਜਾਣਾ
ਇਹ ਜ਼ਿੰਦਗੀ ਤਾਂ ਨਹੀਂ
ਮਜਬੂਰੀ ਨੂੰ ਕਮਜ਼ੋਰੀ ਸਮਝ
ਬਹਿ ਜਾਣਾ
ਇਹ ਜ਼ਿੰਦਗੀ ਤਾਂ ਨਹੀਂ

ਹਰ ਦਮ ਚੜ੍ਹਦੀ
ਸੋਚ ਰੱਖਣੀ
ਇਹ ਜ਼ਿੰਦਗੀ ਹੈ
ਕਿਸਮਤ ਦੀ ਮਿਹਨਤ ਨਾਲ
ਸਿਰੀ ਨੱਪਣੀ
ਇਹ ਜ਼ਿੰਦਗੀ ਹੈ
ਵਿਛੜਿਆਂ ਨੂੰ ਯਾਦ ਰੱਖਣਾ

ਇਹ ਜ਼ਿੰਦਗੀ ਹੈ
ਸੱਜਣਾਂ ਨੂੰ ਨਾਲ ਰੱਖਣਾ
ਇਹ ਜ਼ਿੰਦਗੀ ਹੈ
ਮੁਸੀਬਤਾਂ ਸਾਹਵੇਂ ਡੱਟਣਾ
ਇਹ ਜ਼ਿੰਦਗੀ ਹੈ
ਕਮਜ਼ੋਰੀ ਦੀ ਜੜ੍ਹ ਪੱਟਣਾ
ਇਹ ਜ਼ਿੰਦਗੀ ਹੈ।

## ਸੱਚਾ ਪ੍ਣਾਮ

ਆਓ ਸ਼ਹੀਦਾਂ ਨੂੰ 'ਸੱਚਾ ਪ੍ਣਾਮ' ਕਰੀਏ...
ਜਿਹੜਾ ਅਸੀਂ ਕਦੇ ਨਹੀਂ ਕੀਤਾ...
ਉਹ ਪ੍ਣਾਮ
ਜਿਸ ਨੂੰ ਅਸੀਂ ਦੱਬਦੇ ਆਏ ਹਾਂ
ਸਦਾ ਆਪਣੀ
ਹਉਂਵਾਦੀ ਬਿਰਤੀ...
ਗਰਜ਼ ਪ੍ਸਤੀ...
ਤੇ ਝੂਠੀ ਹਮਦਰਦੀ ਥੱਲੇ।

ਆਓ ਮੁਖ਼ਾਤਿਬ ਹੋਈਏ...
ਉਨ੍ਹਾਂ ਨੂੰ
ਜਿਨ੍ਹਾਂ ਗੜਕ ਤੇ ਮੜਕ ਦੀ ਤੋਰ ਤੁਰਦੇ
ਅਣਖਾਂ ਦੇ ਬੀਜ ਬੋਏ
ਪਰ ਅਸੀਂ
ਇਨ੍ਹਾਂ ਬੀਜਾਂ ਤੋਂ ਦਰੱਖਤ ਬਣੇ
ਰਾਖਿਆਂ ਰੁੱਖਾਂ ਦੇ ਮੁੱਢ ਰੱਤ ਤਾਂ ਕੀ
ਅੱਜ ਤੱਕ ਪਾਣੀ ਵੀ ਲਾ ਤਰੋਂਕਿਆ
ਸੌਂ ਗਏ ਹਾਂ ਆਲਸ ਤੇ ਮੌਕਾਪ੍ਸਤੀ ਦੀ ਚਾਦਰ ਤਾਣ
ਸ਼ਹੀਦਾਂ ਨੂੰ ਅਸਲੋਂ ਕਰਕੇ ਸ਼ਹੀਦ...

ਕਿਉਂ
ਸ਼ਹੀਦਾਂ ਦੇ ਬੁੱਤਾਂ ਨੂੰ ਅਸੀਂ
ਨਿਰਾ ਬਰਸੀ ਦਾ ਬੁੱਤ ਬਣਾ ਦਿੱਤੈ...
ਕਿਉਂ
ਸ਼ਹੀਦਾਂ ਦੀ ਸ਼ਹਾਦਤ ਭੁੱਲ ਜਾਨੇ ਆਂ
ਤੇ ਆਪਣੀ 'ਸ਼ਹੀਦੀ' ਹੋਣੋਂ ਡਰ ਜਾਨੇ ਆਂ
ਕਿਉਂ

ਸਾਡੇ ਨਾਅਰਿਆਂ ਵਿਚ ਕੌਮੀ ਜਜ਼ਬਾ ਨਹੀਂ
ਕਿਉਂ
ਸੱਚ ਖੁੱਲ੍ਹ ਕੇ ਜੀਭਾਂ ਤੇ ਤਰਦਾ ਨਹੀਂ...
ਕਿਉਂ... ਆਖ਼ਰ... ਕਿਉਂ

ਇਸ ਕਿਉਂ ਦੀ ਕਾਇਆ
ਬਹੁਤ ਵੱਡੀ ਏ...
ਪਰ ਸਾਡੇ ਦਿਲਾਂ ਵਿਚ
ਸ਼ਹੀਦਾਂ, ਯੋਧਿਆਂ ਤੇ ਵੀਰਾਂ ਦੀ...
ਮਹਾਨਤਾ ਅਸਲੋਂ ਨਿੱਕੀ ਏ...

ਆਓ ਪ੍ਰਣ ਕਰੀਏ...
ਕਿ ਅਸੀਂ ਉਨ੍ਹਾਂ ਦੇ ਅਕਸ ਤੇ ਨਕਸ਼ ਨੂੰ
ਬਦ-ਬਖ਼ਤ ਬੁੱਤਾਂ 'ਚੋਂ ਕੱਢਾਂਗੇ
ਤੇ ਇਨ੍ਹਾਂ ਨੂਰੀ ਮਸ਼ਾਲਾਂ ਨੂੰ
ਲੈ ਕੇ ਝੱਖੜਾਂ ਨੂੰ ਸਰ ਕਰਾਂਗੇ...
ਕਹਿਣੀਆਂ ਨੂੰ ਕਰਨੀਆਂ 'ਚ ਬਦਲਾਂਗੇ

ਇਹੀ ਪ੍ਰਣਾਮ ਹੈ...
ਇਹੀ ਨਿਰਵਾਣ ਹੈ...
ਤਾਂ ਆਓ ਸ਼ਹੀਦਾਂ ਨੂੰ ਸੱਚਾ ਪ੍ਰਣਾਮ ਕਰੀਏ
ਜਿਹੜਾ ਅਸੀਂ ਪਹਿਲਾਂ ਕਦੇ ਨਹੀਂ ਕੀਤਾ...

## ਨਸ਼ਿਆਂ ਦੇ ਸਮਕਾਲੀ

ਅਣਖਾਂ ਦਾ ਅਸਰ
ਘੱਟ ਰਿਹੈ
ਅੱਜ ਕੱਲ੍ਹ ਦੇ
ਲਹੂ 'ਚੋਂ
ਤੇ ਨਸ਼ਿਆਂ ਦਾ
ਕਬਜ਼ਾ ਭਾਰੂ ਹੋ ਰਿਹੈ

ਢੋਲ ਦੇ ਡਗੇ
ਤੇ ਨੱਚਣ ਵਾਲੇ
ਪਿੰਡ ਦੀਆਂ ਧੀਆਂ
ਦੀ ਪੱਤ ਰੱਖਣ ਵਾਲੇ
ਗੱਭਰੂ
ਛੈਲ-ਛਬੀਲੇ
ਪੰਜਾਬ ਦੇ
ਅਣਖੀਲੇ
ਆਪਣੀ ਮੜ੍ਹਕ
ਦੀ ਪੱਤ
ਲੁਟਾ ਰਹੇ ਨੇ
ਖ਼ੁਦ ਨਸ਼ਿਆਂ ਹੱਥੋਂ

ਚਾਦਰੇ ਦੀ ਥਾਂ
ਪਾਈ ਜੀਨ
ਕੀ ਖੱਲ ਥੱਲੇ
ਕੁੜਤੇ ਦੀ ਥਾਂ
ਪਾਈ ਟੀ-ਸ਼ਰਟ
ਦੀ ਝੱਲ ਥੱਲੇ
ਓਪਰੀ ਲੋਰ
ਬੇਗਾਨਾ ਸਰਮਾਇਆ

ਗੁਲਾਮੀ ਦਾ ਦੈਂਤ
ਫੈਲ ਰਿਹੈ
ਭੈੜੇ ਵਾਇਰਸ ਵਾਂਕਣ
ਗੱਭਰੂ ਹੁਣ ਉਹ
ਗੱਭਰੂ ਨਹੀਂ
ਕਰੰਗ ਤੇ ਲੇਬਲ ਹੈ
ਸਿਰਫ ਗੱਭਰੂ ਦਾ

ਬਣੇ ਦਰ-ਦਰ ਦੇ
ਸਵਾਲੀ ਨੇ
ਨਸ਼ਿਆਂ ਦੇ
ਸਮਕਾਲੀ ਨੇ
ਗੱਭਰੂ ਅਸਲ ਨਹੀਂ
ਇਹ ਜਾਅਲੀ ਨੇ।

## ਮਾਂ

ਜ਼ਿੰਦਗੀ ਜਿਉਣ ਲਈ
ਮਾਂ ਦੀ ਹੋਂਦ ਜ਼ਰੂਰੀ ਹੁੰਦੀ ਹੈ
ਮਾਂ ਦਾ ਕੰਮ ਸਿਰਫ
ਜਨਮ ਦੇਣਾ ਨਹੀਂ
ਮਾਂ ਦਾ ਕੰਮ ਸੰਸਕਾਰੀ ਮਨੁੱਖ ਉਸਾਰਨਾ ਹੈ
ਮਾਂ ਦਾ ਕੰਮ ਭੈੜੀ ਕੂੰਜ ਨੂੰ ਉਤਾਰਨਾ ਹੈ
ਮਾਂ ਰਿੜ੍ਹਦੇ ਬਾਲ ਦੀ
ਛਤਰ ਛਾਇਆ ਹੈ
ਜੋ ਬਾਲ ਨੂੰ
ਹਿੱਕ ਨਾਲ ਲਾ ਕੇ ਰੱਖਦੀ
ਜਫ਼ਰ ਜਾਲਦੀ
ਹਰਦਮ ਪਿਆਰਦੀ
ਤੇ ਸੁਆਰਦੀ
ਮਾਂ ਦਹਿਲੀਜ਼ੇ ਚੜ੍ਹਦੇ ਪੁੱਤ ਲਈ ਸੁੱਚਾ ਸਾਇਆ ਹੈ
ਮਾਂ ਤੋਂ ਸੁਣੀਆਂ
ਲੋਰੀਆਂ, ਬਾਤਾਂ, ਬੁਝਾਰਤਾਂ
ਢਲੀ ਜਵਾਨੀ 'ਚ
ਕਈ ਵਰ੍ਹਿਆਂ ਬਾਅਦ ਵੀ
ਉਦਾਸ ਹੋਏ ਮਨ 'ਚ
ਉਮੰਗ ਤੇ ਖੇੜੇ ਦੀਆਂ
ਝਰਨਾਹਟਾਂ ਛੇੜ ਦਿੰਦੀਆਂ ਨੇ

ਪਰ ਇਸੇ
ਮਾਂ ਦਾ ਪੰਜਾਂ ਤੱਤਾਂ 'ਚ
ਵਿਲੀਨ ਹੋ ਜਾਣਾ
ਦੁਨਿਆਵੀ ਰੱਬ ਦਾ ਸਾਇਆ
ਸਦਾ ਲਈ ਉਠ ਜਾਣਾ ਹੈ
ਬਾਲਾਂ ਦਾ ਬਾਲਪਨ ਰੁੱਸ ਜਾਣਾ ਹੈ

ਹਵਾਵਾਂ 'ਚ ਰਿਕਾਰਡ ਹੋਈਆਂ
ਮਾਂ ਦੀਆਂ ਲੋਰੀਆਂ
ਆਵਾਜ਼ਾਂ ਤੇ ਗੱਲਾਂ
ਜਦ ਕਿਧਰੇ ਕੰਨੀਂ ਗੂੰਜਣ
ਤਾਂ ਸਿਵੇ ਦਾ ਸੇਕ ਵੀ ਮੱਲੋ-ਮੱਲੀ
ਕੰਨੀਂ ਲਹਿ ਜਾਂਦੈ
ਮਿਲਾਪ ਸੁਪਨਿਆਂ ਤੱਕ ਰਹਿ ਜਾਂਦੈ
ਹਰਦਮ ਫ਼ਿਕਰ ਰਹਿੰਦੈ
ਜੱਗ ਦੀਆਂ ਨਜ਼ਰ ਮਈ
ਨਜ਼ਰਾਂ ਦੀ ਕਾਟ ਦਾ
ਜਿਹੜੀ ਹਾਰੀ-ਸਾਰੀ ਰੂਹ ਨਹੀਂ ਕਰ ਸਕਦੀ।
ਉਸ ਰੱਬੀ ਰੂਹ ਦੇ
ਵਜੂਦ ਦੇ ਘਾਟ ਦੀ ਕੰਧਾਂ
ਹੰਝੂਆਂ ਨਾਲ ਤਰ ਹੋਈਆਂ
ਮੁੱਕੀਆਂ ਨਾਲ
ਨਹੀਂ ਡਿੱਗਦੀਆਂ
ਸਗੋਂ ਯਾਦਾਂ ਦੇ ਸਿਵੇ ਦੇ ਬੁੱਲੇ
ਹੌਕੇ ਤੇ ਹਟਕੋਰੇ
ਬਣ-ਬਣ
ਸੰਘ ਘੁਟਦੇ ਨੇ
ਜਿਉਂਦੇ ਜੀਅ ਮਾਰ ਸੁੱਟਦੇ ਨੇ
ਇਸ ਲਈ
ਜ਼ਿੰਦਗੀ ਜਿਉਣ ਲਈ
ਮਾਂ ਦੀ ਹੋਂਦ ਜ਼ਰੂਰੀ ਹੈ।

## ਫਲੀਆਂ ਤੇ ਸੁਰਾਂ

ਜੇ ਪੂੰਝੀਆਂ ਜਾਣ ਫਲੀਆਂ ਸਫ਼ਿਆਂ ਤੋਂ
ਤਾਂ ਦੋਸ਼ ਕਤਲ ਤੋਂ ਵੱਧ ਕੇ ਹੁੰਦੈ,

ਜੇ ਰੋਕੀਆਂ ਤੇ ਨੱਪੀਆਂ ਜਾਣ ਸੁਰਾਂ ਕੰਠ 'ਚੋਂ,
ਤਾਂ ਦੋਸ਼ ਕਤਲ ਤੋਂ ਵੱਧ ਕੇ ਹੁੰਦੈ,

ਪਰ ਖੌਰੇ ਕਿੰਨੀਆਂ ਫਲੀਆਂ ਹੂੰਝੀਆਂ ਗਈਆਂ
ਤੇ ਕਿੰਨੇ ਕੰਠ ਤਿੱਖੀਆਂ ਨਹੁੰਦਰਾਂ ਨਾਲ ਨੀਲੇ ਪਏ
ਸ਼ਾਇਦ ਅਸੀਂ ਇਨ੍ਹਾਂ ਸਮੀਕਰਣਾਂ ਤੋਂ ਹਾਂ
ਬੇਖ਼ਬਰ

ਪਰ ਸਫ਼ਿਆਂ ਤੇ ਵਾਰਸਾਂ ਨੂੰ ਕਤਲ ਕਰਨ ਵਾਲੇ
ਕਾਤਲ ਪੀਰ
ਅਜੇ ਵੀ ਨੇ ਬੇ-ਪਰਵਾਹ
ਤੇ ਮਗਨ ਆਪਣੀ ਸੁਰ ਵਿਚ
ਸੁਰਾਂ ਨੂੰ ਬੇ-ਸੁਰ ਕਰਨ ਲਈ
ਆਪਣੀ ਗਰਜ਼ ਦਾ ਕੋਹਲੂ ਫੇਰਨ ਲਈ...

## ਰੱਖਿਆ ਸੰਕਲਪ

ਮਾਂ-ਪਿਓ ਘੱਲਦੇ
ਜਵਾਨ ਪੁੱਤ ਨੂੰ ਫੌਜ 'ਚ
ਦੇਸ਼ ਦੀ ਰੱਖਿਆ ਲਈ
ਨਾਲੇ ਸੋਚਦੇ-
ਏਸ ਬਹਾਨੇ ਹੋਵੇਗੀ
ਘਰ 'ਚ ਆਉਂਦੇ
ਟੁੱਕਰਾਂ ਦੀ ਰੱਖਿਆ...

ਇਹ ਟੁੱਕਰ
ਲਿਆਉਣ ਦਾ ਭਾਰ
ਪਹਿਲਾਂ ਬਾਪ 'ਤੇ
ਉਸ ਤੋਂ ਪਹਿਲਾਂ
ਸੀ ਉਸ ਦੇ ਬਾਪ 'ਤੇ
ਹੁਣ ਫੌਜੀ ਪੁੱਤ ਪਲੇਠਾ
ਪਾਉਂਦਾ ਹੈ ਟੱਬਰ ਦੇ ਮੂੰਹ ਗਰ੍ਹਾਈਆਂ
ਤਾਰੋਂ ਪਾਰ ਦੀਆਂ
ਮਾਵਾਂ ਦੇ ਪੁੱਤ ਵਿਛਾ ਕੇ
ਆਪਣੇ ਦੇਸ਼ ਦਾ 'ਖ਼ੂਨ' ਬਚਾ ਕੇ

ਤਪਦੀ ਗੋਲੀ ਨਾਲ
ਜਦ ਡਿੱਗੇ ਵੈਰੀ
ਤਾਂ ਕੁਝ ਮੱਠਾ ਪੈ ਜਾਂਦਾ
ਦੇਸ਼ ਦੀ ਰੱਖਿਆ ਦਾ ਧੁੜਕੂ
ਦੇਸ਼ ਰੱਖਿਆ ਨਾਲ
ਹੋਈ ਟੱਬਰ ਦੀ ਰੱਖਿਆ
ਇਸੇ ਰੱਖਿਆ
ਵਿਚ ਸੁਰੱਖਿਅਤ ਰਹਿੰਦੇ

ਟੱਬਰ ਦੇ ਮੂੰਹ ਵਿਚਲੇ ਟੁੱਕਰ
ਲੱਗਦੈ ਇਹੀ ਟੁੱਕਰਾਂ ਦਾ ਗੇੜ
ਕਾਇਮ ਰੱਖੇਗਾ
ਰੱਖਿਆ ਦਾ ਸੰਕਲਪ...
ਖਬਰੇ ਇਹੀ ਅਰਥ ਹੋਣ
ਬਚਾਅ ਵਿਚ ਬਚਾਅ ਦੇ...

## ਲਹੂ ਤੇ ਕਾਲਖ਼

ਜਿਸ ਲਹੂ ਨੂੰ ਲਾਲੋ-ਲਾਲ ਵੇਖਿਆ ਅੱਜ ਤੱਕ
ਹੁਣ ਉਸ ਵਿਚ ਕਾਲਖ਼ ਦੇ ਕਣ ਦਿਸਦੇ ਨੇ
ਇਸ ਕਾਲੀ ਕਾਲਖ਼ ਨੇ
ਲਹੂ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਏ
ਜਿਸ ਲਹੂ ਵਿਚ ਲਿਸ਼ਕ ਦੀ ਬਹਾਰ ਸੀ
ਹੁਣ ਉਸ ਲਹੂ ਵਿਚ ਤਰੱਕ ਦੀ ਬਹਾਰ ਹੈ
ਇਸ ਲਹੂ ਵਿਚੋਂ
ਹੁਣ ਵੱਖ-ਵੱਖ ਰੰਗ ਨਹੀਂ ਨਿਕਲਦੇ
ਕਿਉਂਕਿ ਇਸ ਨੇ ਆਪਣਾ ਮੁਢਲਾ ਰੰਗ ਰੂਪ
ਨਿਲਾਮ ਕਰ ਦਿੱਤੈ...
ਕਾਲਖ਼ ਦੇ ਵਜੂਦ ਨੂੰ...

ਉਹ ਕਾਲਖ਼ ਜਿਹੜੀ ਸਮਾ ਲੈਂਦੀ ਆਪਣੇ ਅੰਦਰ
ਹਰ ਰੰਗ, ਹਰ ਬਹਾਰ, ਹਰ ਲਿਸ਼ਕੀ ਸ਼ੈਅ..
ਅਫਸੋਸ...!
ਅੱਜ ਲਹੂ 'ਤੇ ਵੀ ਕਾਲਖ਼ ਦਾ ਪਰਕੋਪ ਏ...

ਇਸ ਕਾਲਖ਼ ਨੂੰ ਸਭ ਸ਼ਖ਼ਸਾਂ ਨੇ
ਵੱਧਦੇ-ਫੁਲਦੇ ਵੇਖਿਆ ਹੈ...
ਹਰ ਸ਼ੈਅ ਤੇ ਝੁਲਦੇ ਵੇਖਿਆ ਹੈ...
ਸਭ ਜਾਣਦੇ ਸਨ ਇਹ ਨਿਰੀ ਕਾਲਖ਼ ਨਹੀਂ...
ਇਸ ਵਿਚ ਕੁੜੱਤਣ ਹੈ
ਇਹ ਮਾਫ਼ਕ ਨਹੀਂ...

ਹੁਣ ਇਹ ਲਹੂ
ਖ਼ਲਕਤ ਦੀ ਛੋਟੀ ਇਕਾਈ
ਇਸ ਦੀ ਪਕੜ ਵਿਚ ਹੈ
ਰਗਾਂ ਦਾ ਵਹਿਣ

ਇਸ ਦੀ ਜਕੜ ਵਿਚ ਹੈ...
ਕਾਲੀ ਕਾਇਆ ਇਨ੍ਹਾਂ ਵਹਿਣਾਂ ਵਿਚ
ਘਰ ਕਰ ਗਈ ਏ
ਸਦਾ ਲਈ ਜੰਮ ਜਾਣ ਦਾ
ਅਸਰ ਭਰ ਗਈ ਏ

ਹੁਣ ਵਹਿਣ ਕਿਵੇਂ ਨਿਰੰਤਰ ਹੋਵੇਗਾ...?
ਹੁਣ ਲਹੂ ਕਿਵੇਂ ਸੁਤੰਤਰ ਹੋਵੇਗਾ...?

ਇਸ ਲਹੂ ਵਿਚ ਹੁਣ
ਉਠ ਦੌੜਨ ਦੀ ਤਾਕਤ ਨਹੀਂ
ਇਸ ਅੰਦਰ ਹੁਣ ਸਦਾ ਲਈ
ਸੌਣ ਦਾ ਨਸ਼ਾ ਭਾਰੂ ਹੈ...
ਜੋ ਜ਼ਿੰਦਗੀ ਲਈ ਮਾਰੂ ਹੈ...

ਇਸ ਕਾਲੀ ਕਾਲਖ਼ ਦੇ ਕੋਹੜ ਨੂੰ
ਵਿਦਾ ਕਰੋ...
ਕੋਈ ਦਵਾ ਕਰੋ
ਨਹੀਂ ਤਾਂ ਮੌਤ ਨੇੜੇ ਹੈ।
ਬਹੁਤ ਨੇੜੇ।

## ਸੀਰੀਪੁਣਾ

ਸਾਡੇ ਗੁਆਂਢੀਆਂ ਦਾ ਸੀਰੀ
ਤੜਕੇ ਹੀ ਆ ਜਾਂਦੈ
ਸੀਰੀਪੁਣੇ ਦੀ ਡਿਊਟੀ ਤੇ
ਹਾਲੇ ਕੱਲ੍ਹ ਸੁੱਟੇ ਗੋਹੇ ਦਾ ਮੁਸ਼ਕ
ਕੱਪੜਿਆਂ ’ਚੋਂ ਗਿਆ ਨਹੀਂ ਹੁੰਦਾ
ਤੇ ਤੂੜੀ ਦੇ ਡੱਕੇ ਬੱਗੀ ਦਾੜ੍ਹੀ ’ਚੋਂ
ਝੜੇ ਨਹੀਂ ਹੁੰਦੇ...
ਫਿਰ ਵੀ ਉਹ ਸੁੱਚੇ ਮਨ ਨਾਲ ਆਉਂਦੈ।

ਛਾਹ ਵੇਲੇ ਉਹ ਖਾਂਦੈ ਲੋਹੇ ਦੇ ਸੰਗਲ
ਤੇ ਸਿਖਰ ਦੁਪਹਿਰੇ ਦੀਆਂ ਦਾਤਰੀਆਂ
ਉਸ ਦੀਆਂ ਪਾਟੀਆਂ ਬਿਆਈਆਂ ’ਚ ਖੁਭ ਦੀਆਂ
ਲੌਢੇ ਵੇਲੇ ਦੀ ਚਾਹ
ਉਹ ਪਹਿਲੇ ਤੋੜ ਦੀ ਸ਼ਰਾਬ ਸਮਝ ਕੇ ਪੀਂਦੈ
ਪਰ ਇਸ ਸ਼ਰਾਬ ਵਿਚ ਵੀ ਠੇਕੇਦਾਰਾਂ ਦੀ
ਖਚਰੀ ਹਾਸੀ ਹੈ।
ਜੋ ਉਸ ਨੂੰ ਲੜਖੜਾਉਣ ਲਈ ਕਹਿੰਦੀ ਏ
ਸਦਾ ਆਪਣਾ ਆਪ ਵਾਹੁਣ ਲਈ ਕਹਿੰਦੀ ਏ

ਉਹਨੂੰ ਨਹੀਂ ਪਤਾ
ਕਿ ਧੀ ਨੂੰ ਦਿੱਤੇ ਦਾਜ ਦੀਆਂ ਦਰੀਆਂ ਦੇ ਵੱਟ
ਵਹੀਆਂ ਦੇ ਸਫ਼ਿਆਂ ’ਚੋਂ ਕਦ ਨਿਕਲਣਗੇ...
ਉਹਨੂੰ ਨਹੀਂ ਪਤਾ
ਕਿ ਜੁਆਨ ਪੁੱਤ ਦੇ ਲਚਕਦੇ ਮੌਰ
ਮੁਕੱਦਮਿਆਂ ਦੀ ਜੋਗ ’ਚੋਂ ਕਦ ਤਿਲਕਣਗੇ

ਇਸ ਦੇ ਬਾਵਜੂਦ ਵੀ
ਉਸ ਦਾ ਮਨ ਹੌਸਲੇ ਨਾਲ ਭਰਿਆ ਰਹਿੰਦੈ
ਤੇ ਵੱਡੇ ਮਾਲਕਾਂ ਦਾ ਪੈੱਨ ਕਾਲੀ ਸਿਆਹੀ ਨਾਲ...

## ਕਾਮੇ

ਨਿੱਤ ਮੈਂ ਹਾਂ ਕਾਮਿਆਂ ਨੂੰ ਤੱਕਦਾ
ਦਿਨ ਰਾਤ ਕੰਮ ਕਰਦੇ,
ਬਸ ਕੰਮ ਤੇ ਕੰਮ ਦੀਆਂ ਢੇਰੀਆਂ
ਨਾ ਮੁੱਕਣ ਵਾਲੀਆਂ ਮੁਸੀਬਤਾਂ ਲੰਮੇਰੀਆਂ
ਆਖ਼ਰ ਕਦੋਂ ਆਵੇਗੀ
ਝੀਖਾਂ ਥਾਣੀ
ਆਸ ਰੂਪੀ ਚਾਨਣੇ ਦੀ ਲੀਕ
ਹੋਈਆਂ ਕਾਹਤੋਂ ਇਨ੍ਹਾਂ ਦੀਆਂ
ਸਰਘੀਆਂ 'ਚ ਦੇਰੀਆਂ...

ਬੜਿਆਂ ਨੇ ਆਖਿਆ ਅੱਜ ਤੱਕ
ਉਠ ਪੈਣਗੀਆਂ ਇਹ
ਮੁਸ਼ੱਕਤੀ ਤਾਕਤਾਂ
'ਵੱਡਿਆਂ ਲਈ' ਆਫਤਾਂ
ਝੁਲਣ 'ਗੇ ਝੰਡੇ
ਪਸੀਨਿਆਂ ਨਾਲ ਲਬਰੇਜ਼
ਕਰਨਗੇ ਆਪਣੀਆਂ ਆਪ
ਖ਼ੁਦ ਹੀ ਹਿਫ਼ਾਜਤਾਂ...

ਪਰ ਕਿਉਂ
ਹਰ ਵਾਰੀ ਦੱਬ ਜਾਂਦੀਆਂ
ਇਹ ਚਿਣਗਾਂ
ਭਾਰੀ ਛਿੱਲੜਾਂ ਦੇ ਰੋਅਬ ਥੱਲੇ
ਲੈ ਕੇ ਇਨ੍ਹਾਂ ਦੀ ਕਮਜ਼ੋਰੀ ਤੇ
ਮਜਬੂਰੀ ਦਾ ਸਹਾਰਾ
ਕਰ ਜਾਂਦੀਆਂ ਸਾਜਿਸ਼ਾਂ
ਇਨ੍ਹਾਂ ਨੂੰ ਕੱਲੇ-ਕੱਲੇ...

ਆਖਰ ਕਦੋਂ ਤੱਕ
ਹਿਰਸਾਂ ਲਾਈ ਜਾਵਾਂਗੇ ਕਿਸਮਤਾਂ ਤੇ
ਇਨ੍ਹਾਂ ਦੇ ਲੱਕ
ਸਿੱਧੇ ਹੋਣ ਦੀਆਂ...
ਤੇ ਉਠ ਖਲੋਣ ਦੀਆਂ...?

## ਖੰਜਰ

ਸਾਹਮਣੇ ਕੈਨਵਸ ’ਤੇ
ਔਰਤ ਦੀ ਹਿੱਕ ਵਿਚ ਖੁੱਭਿਆ
ਖੰਜਰ
ਅਸਲ ਵਿਚ ਖੰਜਰ ਨਹੀਂ
ਸਗੋਂ ਉਹ ਤਾਂ
ਜੰਡ ਹੇਠ ਵਰਤੇ ਭਾਣੇ ਦਾ ਪ੍ਰਤੀਕਰਮ ਹੈ।

ਜਦੋਂ ਟੁੱਟੇ ਤੀਰਾਂ ਦੀਆਂ ਨੋਕਦਾਰ ਪੱਤੀਆਂ
ਧੋਖੇ ਦੀ ਭੱਠੀ ਵਿਚ ਰਿੱਝੀਆਂ
ਤਾਂ ਅਜਿਹਾ ਖੰਜਰ ਜਨਮਿਆ
ਜੋ ਮਿਰਜ਼ੇ ਪੱਖੀਆਂ ਦਾ ਯਾਰ
ਤੇ ਸਾਹਿਬਾਂ ਲਈ ਸਦੀਆਂ ਤੱਕ ਦੁਸ਼ਵਾਰ
ਹੋ ਨਿਬੜਿਆ

ਸਾਹਿਬਾਂ ਤੇ ਉਸ ਦੀਆਂ ਸਖੀਆਂ ਦੇ ਅਕਸ ’ਚ
ਖੁੱਭੇ ਇਸ ਖੰਜਰ ਨੂੰ
ਅਨੇਕਾਂ ਚਿਤਰਕਾਰਾਂ ਨੇ
ਵੱਡੇ-ਵੱਡੇ ਫ਼ਨਕਾਰਾਂ ਨੇ
ਸਹਿਜੇ-ਸਹਿਜੇ ਔਜਾਰਾਂ ਨਾਲ
ਸਮੇਂ-ਸਮੇਂ ਤੇ ਕੱਢਣਾ ਚਾਹਿਆ
ਤੇ ਕੱਢ ਰਹੇ ਨੇ
ਜਿਹੜੇ ਕੱਢਣਾ ਨਹੀਂ ਚਾਹੁੰਦੇ
ਉਹ ਹੋਰ ਗੱਡ ਰਹੇ ਨੇ...

ਹੁਣ ਇਸ ਖੰਜਰ ਦੇ ਸੋਨੇ ਰੰਗੇ ਦਸਤੇ ਨੂੰ
ਚੋਰਾਂ ਚੁਰਾ ਲਿਆ ਹੈ
ਤੇ ਅਗਲੇ ਤੇਜ਼ ਧਾਰ ਦੰਦਿਆਂ ਨੂੰ
ਹੱਥ ਪਾਉਣ ਦਾ ਕੋਈ ਹੀਆ ਨਹੀਂ ਕਰਦਾ

ਸਗੋਂ ਇਹ ਦਸਤਾਨਿਆਂ ਵਾਲੇ ਹੱਥ
ਤਿੱਖੀ ਧਾਰ ਤੋਂ ਡਰਦੇ
ਅਣ ਲਚਕਦੀਆਂ ਛਾਤੀਆਂ ਨੂੰ ਪਸੋਲਣ
'ਚ ਮਸਤ ਨੇ
ਸਾਹਿਬਾਂ ਤੇ ਉਸ ਦੀਆਂ ਸਖੀਆਂ
ਹਿੱਕ 'ਚੋਂ ਚੋਂਦੀ ਰੱਤ ਨਾਲ ਪਸਤ ਨੇ

ਕਿਉਂਕਿ ਇਨ੍ਹਾਂ 'ਨਿਮਾਣੀਆਂ' ਕੋਲ
ਅਜੇ ਦਲੀਲਾਂ ਦੀ ਐਚ.ਬੀ. ਘੱਟ ਹੈ।

## ਰਾਖੇ

ਕਦੇ ਕਦੇ ਪੁੱਛਦਾ ਹਾਂ
ਇਨ੍ਹਾਂ ਦਰੱਖਤਾਂ ਤੋਂ
ਉਨ੍ਹਾਂ ਦੇ ਦਰਦਾਂ ਬਾਰੇ
ਪਿੰਡੇ ਤੇ ਵਰ ਦੀਆਂ
ਨੋਕਦਾਰ ਕਣੀਆਂ ਬਾਰੇ...
ਇਕੋ ਥਾਂ ਖੜ੍ਹੇ ਰਹਿਣ ਦੀਆਂ
ਮੁਸੀਬਤਾਂ ਬਾਰੇ
ਕਿਵੇਂ ਲੱਗਦੇ ਸਿਰਾਂ 'ਤੇ
ਤਪਦੇ ਸੂਰਜ ਤਾਰੇ...

ਪਰ ਉਹ ਨਾ ਉਭਾਸਰਦੇ
ਰਹਿਣ ਅਡੋਲ ਤੇ ਖਾਮੋਸ਼

ਜਿਵੇਂ ਡਰਦੇ ਹੋਣ ਤੇਜ਼ ਹਵਾਵਾਂ ਤੋਂ
ਝੱਖੜਾਂ ਤੇ ਬਰਸਾਤਾਂ ਤੋਂ...
ਲੰਮੀਆਂ ਕਾਲੀਆਂ ਰਾਤਾਂ ਤੋਂ...

ਪਰ ਧੁਰ ਅੰਦਰੀਂ ਚੱਲਦੇ
ਕਈ ਕਾਰਜ ਬੇ-ਪਰਵਾਹ
ਪਾਉਂਦੇ ਅੰਦਰੋਂ-ਅੰਦਰੀਂ ਸਾਂਝਾਂ
ਜੜ੍ਹਾਂ ਤੋਂ ਜੜ੍ਹਾਂ ਤੱਕ
ਜਿਵੇਂ ਮਨੋਂ ਲੋਚਦੇ ਹੋਣ
ਬਹਾਰਾਂ ਦੇ ਸਦੀਵੀ ਦਿਨ
ਜਦੋਂ ਇਨ੍ਹਾਂ ਦਰੱਖਤਾਂ ਦਾ ਆਪਣਾ ਸੰਸਾਰ ਹੋਵੇਗਾ
ਹੋਰਾਂ ਵਾਂਗ ਤੁਰਨ ਫਿਰਨ ਦਾ ਅਧਿਕਾਰ ਹੋਵੇਗਾ
ਫਿਰ ਦਰਾਂ 'ਚ ਡਾਹੇ ਤਖ਼ਤ
ਇਹ ਦਰੱਖਤ
ਇਕੋ ਥਾਂ ਖੜ੍ਹੇ ਨਹੀਂ ਰਹਿਣਗੇ
ਸਗੋਂ ਸਾਡੇ ਕਦਮਾਂ ਤੋਂ ਵੀ
ਵੱਡੀਆਂ ਪੁਲਾਂਘਾਂ ਪੁਟਣਗੇ...

ਭਾਵੇਂ ਮੱਚਦੇ ਨਹੀਂ
ਪਰ ਫਿਰ ਵੀ ਅੱਗ ਸੰਭਾਲ ਰੱਖਦੇ ਨੇ ਅੰਦਰੀਂ
ਸੋਚੋ ਜੇ ਇਹੀ ਅੱਗ
ਤਣੇ ਤਣਿਆਂ 'ਚੋਂ ਨਿਕਲ
ਸਾਡੇ ਚੌਤਰਫੇ ਗਸ਼ਤ ਕਰਦੀ ਫਿਰੇ
ਤਾਂ ਲਾਜ਼ਮੀ ਹਰ ਬਸ਼ਿੰਦਾ ਝੁਲਸੇਗਾ...
ਹਰ ਪਰਿੰਦਾ ਝੁਲਸੇਗਾ...

ਆਓ ਇਨ੍ਹਾਂ ਅੱਗ ਦੇ ਰਾਖਿਆਂ ਦੀ
ਕਦਰ ਕਰੀਏ...
ਇਹ ਨਿਰੇ ਦਰੱਖਤ ਨਹੀਂ
'ਸਾਡੇ ਰਾਖੇ ਨੇ'–'ਰਾਖੇ'

## ਪੰਛੀ

ਉਡਣਾ ਚਾਹੁੰਦੇ ਪੰਛੀ
ਬਿਨਾਂ ਖੰਭਾਂ ਤੋਂ ਹਵਾ ਵਿਚ
ਪਰ ਖੰਭਾਂ ਦੀ ਅਣਹੋਂਦ
ਧੜੱਮ ਸੁਟਦੀ
ਧਰਤ ਤੇ
ਥੋੜ੍ਹ ਚਿਰੀ ਉਡਾਰ ਮਗਰੋਂ
ਤੇ ਦੋਸ਼
ਜਾਂਦੈ ਮੜਿਆ
ਗੁਰੂਤਾ ਬਲ ਉੱਤੇ

ਪੰਛੀ ਫਿਰਦੇ ਨੇ
ਚੋਗ ਦੀ ਭਾਲ ਖ਼ਾਤਰ
ਚੁੰਝਾਂ ਵਿਚ
ਚਗਲੇ ਸਵਾਦ
ਦੀ ਆਸ ਲੈ ਕੇ
ਅੱਖੀਂ ਚਮਕ
ਖ਼ਾਸ ਲੈ ਕੇ
ਨੀਲਾ ਥੋਥਾ
ਨਿਗਲ ਜਾਂਦੇ
ਮਾਣਕ ਸਮਝ
ਤੇ ਦੋਸ਼ ਧਰਦੇ
ਸੁੱਚੇ ਮਾਣਕਾਂ ਸਿਰ

ਪੰਛੀ ਕਰਦੇ ਚੁੰਝ ਚਰਚਾ
ਮੀਟਿੰਗਾਂ, ਸਭਾਵਾਂ
ਜੀਣ ਦੀਆਂ
ਥੀਣ ਦੀਆਂ
ਨਿੱਕੇ-ਨਿੱਕੇ ਬੋਲ

ਬਣ ਜਾਂਦੇ
ਵੱਡੇ-ਵੱਡੇ ਰੌਲੇ
ਉੱਚੀਆਂ ਬਹਿਸਾਂ
ਆਪੋ-ਆਪਣੇ
ਰਾਗ ਵਿਚ ਭੁੱਲ ਜਾਣ
ਮੰਤਵ
ਬੈਠਕ ਦੀ ਇਕੱਤਰਤਾ ਦਾ...

ਜਾਂ ਫਿਰ ਆ ਜਾਣ
ਬਾਹਰੀ ਤਰੰਗਾਂ
ਹਵਾ ਵਿਚ ਉਡਦੀਆਂ
ਭਾਉਂਦੀਆਂ
ਗਾਉਂਦੀਆਂ
ਨਵਾਂ ਸਰਾਪ ਬਣ ਕੇ
ਸੱਦ ਲੈਣ ਆਲ੍ਹਣਿਆਂ ਵਿਚ
ਨਿਰਜਿੰਦ ਹੋਈ
ਹਵਾ ਵਿਚ ਕੁਝ ਕਹਿ ਕੇ
ਵਰਦਾਨ ਸਰਾਪ ਬਣਦੈ
ਸਰਾਪ ਵਰਦਾਨ ਲੱਗਦੈ
ਇਸੇ ਚੱਕਰ
ਕੁਚੱਕਰ ਵਿਚ
ਇਕ ਮਜਬੂਰੀ ਹੀ
ਢਾਸਣਾ ਜਾਪਦੀ
ਪੰਛੀਆਂ ਨੂੰ...

## ਚਾਨਣ

ਮੈਂ ਚਾਨਣ ਬਣਨਾ ਚਾਹੁੰਦਾ ਸਾਂ
ਮੈਂ ਚਾਨਣ ਵਿਚ ਵੱਟਣਾ ਚਾਹੁੰਦਾ ਸਾਂ
ਧਰਤੀ ’ਤੇ ਟਿਕੇ ਚਾਨਣਾ ’ਚ ਨਹੀਂ
ਅੰਬਰੀਂ ਵੱਸਦੇ ਅਗੰਮੀ ਨੂਰ ’ਚ
ਜਿੱਥੇ ਅੰਤਾਂ ਦਾ ਰੱਜ ਸੀ।

ਮੇਰੀ ਵੀ ਤਮੰਨਾ ਸੀ
ਉਸ ਸੁੱਚੇ ਚੰਨ ਦੀਆਂ ਪਲਮਦੀਆਂ ਰਿਸ਼ਮਾਂ
ਮੈਨੂੰ ਖਿੱਚ ਲੈਣ ਹਨੇਰੇ ਖੂਹ ’ਚੋਂ
ਪੂਰਨ ਵਾਂਗੂੰ...
ਤੇ ਮੈਂ ਬਣਾ ਗੋਰਖ ਦਾ ਗੋਰਾ
ਅਜਿਹਾ ਗੋਰਾ ਜਿਹਨੂੰ ਨਾ ਝੋਰਾ
ਨਾ ਖੋਰਾ

ਮੈਨੂੰ ਤਾਂ ਪੂਰੀ ਆਸ ਸੀ
ਕਿ ਮੈਂ ਚਾਨਣ ਦੀ ਲਿੱਟ ਬਣਾਂਗਾ
ਤੇ ਲਿਪਟ ਜਾਵਾਂਗਾ
ਉਸ ਦੇ ਕੂਲੇ ਅੰਗਾਂ ਦੁਆਲੇ ਡੋਰ ਵਾਂਕਣ
ਚੌੜੀ ਹਿੱਕ ਤੇ ਤਣਾਂਗਾ...

ਪਰ ਮੇਰੇ ਚੌਤਰਫ਼ੇ ਫੈਲੀ
ਸ਼ਰੀਕਾਂ ਦੀ ਚੰਦਰੀ ਵਾਹਰ
ਮੈਨੂੰ ਨਵੇਂ ਤੋਂ ਨਵੇਂ ਤਾਣਿਆਂ ਦਾ ਬੋਧ ਕਰਾਉਂਦੀ ਰਹੀ
ਮੈਨੂੰ ਧਰਤੀ ਤੇ ਟਿਕੇ ਰਹਿਣ ਦੇ
ਵਾਸਤੇ ਪਾਉਂਦੀ ਰਹੀ

ਹੁਣ ਮੈਂ ਇੱਥੇ ਹੀ ਹਾਂ
ਤੁਹਾਡੇ ਵਿਚ
ਸੁੱਖ ਨਾਲ ‘ਆਪਣਿਆਂ ਵਿਚ’।

## ਅੱਜ ਵਿਚ ਕੱਲ੍ਹ

ਨਿੱਕੇ-ਨਿੱਕੇ ਬਾਲ ਵੇਖੇ ਅੱਜ
ਪਿੰਡ ਦੀ ਧਰਮਸ਼ਾਲਾ ਵਿਚ ਫੱਟੀ ਲਿਖਦੇ
ਲੱਕੜ ਦੀ ਫੱਟੀਆਂ 'ਤੇ
ਹੱਥ ਵਿਚ ਕਾਨੇ ਦੀਆਂ ਕਲਮਾਂ ਫੜੀ...
ਇਕ ਦੂਜੇ ਦੀਆਂ ਦਵਾਤਾਂ 'ਚੋਂ
ਟੋਭੇ ਭਰਦੇ...
ਥੱਲੇ ਖ਼ਾਕੀ ਟਾਟ ਵਿਛਾ ਰੱਖੇ ਸਨ...
ਤੇ ਸਿਰਾਂ 'ਤੇ
ਕੌੜੀ ਨਿੰਮ ਦੇ ਛਾਂ ਕਰਦੇ ਪੱਤੇ ਸਨ...

ਮੈਨੂੰ ਬਾਲਾਂ ਦਾ ਵਰਤਮਾਨ ਜਾਪਿਆ
ਕੰਪਿਊਟਰਾਂ ਤੋਂ ਬੇ-ਖ਼ਬਰ
ਤੇ ਭਵਿੱਖ ਕਬੂਲ ਰਿਹਾ
ਹਨੇਰਿਆਂ ਦਾ ਅਸਰ

ਆਖ਼ਰ ਕਿੰਨਾ ਚਿਰ ਘਸਦੇ ਰਹਿਣਗੇ
ਇਹ ਕਾਨ੍ਹੇ ਫੱਟੀਆਂ ਦੀ ਹਿੱਕ 'ਤੇ
ਅਤੇ ਕਦੋਂ ਤੱਕ ਕਾਲੀਆਂ ਟਿੱਕੀਆਂ ਦੀ ਸਿਆਹੀ
ਗਾਚੀ ਦੀ ਲੇਪ ਤੇ ਸੁਕਣ ਦੀ
ਉਡੀਕ ਕਰਦੀ ਰਹੇਗੀ

ਹੁਣ ਇਹ ਅੱਖਾਂ ਝੁਕ-ਝੁਕ ਕੇ
ਫੱਟੀਆਂ ਨਹੀਂ ਲਿਖਣਾ ਚਾਹੁੰਦੀਆਂ
ਸਗੋਂ ਨਜ਼ਰਾਂ ਉਠਾ ਕੇ
ਕੰਪਿਊਟਰਾਂ ਦੇ ਸਕਰੀਨ 'ਤੇ
ਬਦਲਦਾ ਸੰਸਾਰ ਤੱਕਣਾ ਚਾਹੁੰਦੀਆਂ ਹਨ।
ਨਵੀਂ ਲੋਅ ਵਿਚ ਵਟਣਾ ਚਾਹੁੰਦੀਆਂ ਹਨ।

ਇਹ ਉਂਗਲਾਂ
ਹੁਣ ਘੜੇ ਕਾਨ੍ਹੇ ਨਹੀਂ ਮੰਗਦੀਆਂ...
ਇਹ ਉਂਗਲਾਂ
ਕੀ-ਬੋਰਡਾਂ ਦੀ ਛੋਹ ਮੰਗਦੀਆਂ ਨੇ...
ਹੁਣ ਕੂਲੇ ਜੁਸਿਆਂ ਨੇ ਨਿਰੀ
ਫੱਟੀ ਨੂੰ ਨਹੀਂ ਪੋਚਣਾ
ਸਗੋਂ ਪਿੰਡ ਤੋਂ ਲੈ ਕੇ
ਚੰਦ, ਮੰਗਲ ਤੱਕ ਸੋਚਣੈ

ਲੋੜ ਹੈ
ਧਰਮਸ਼ਾਲਾ ਵਿਚ ਪੜ੍ਹਦੀ ਪਨੀਰੀ ਨੂੰ
ਬਿਜਲੀ ਵਾਂਗ ਤੇਜ਼ ਵਗਦੀ
ਤਰੱਕੀ ਦੀ ਤਰੰਗ ਦੇ ਸਵਾਰ ਬਣਾਉਣ ਦੀ...
ਨਵੀਆਂ ਖੋਜਾਂ ਤੇ ਲੱਭਤਾਂ
ਦੇ ਦਾਅਵੇ ਦਾਰ ਬਣਾਉਣ ਦੀ...

ਤਾਂ ਆਓ
ਸਰਕਾਰ ਦੇ ਦਾਅਵਿਆਂ ਦੀ
ਪਲੰਘ ਨਵਾਰੀ ਦੇ ਪੁਆਂਦੀ ਬੈਠੇ
ਨਿੱਕੇ ਬੋਟਾਂ ਨੂੰ
ਸਰਾਂਦੀ ਬੈਠਾਈਏ
ਤਖ਼ਤ ਸਜਾਈਏ
ਤੇ ਰਲ ਕੇ ਗਾਈਏ
ਹੱਥ ਵਿਚ ਹੈ ਆਰਸੀ
ਹੁਣ ਕੰਗਣ ਪਾਈਏ॥

## ਵੈਣ

ਪਹਿਲਾਂ ਜਦੋਂ ਕੋਈ ਭਰੀ ਭਰਾਈ ਜਵਾਨੀ
ਜਹਾਨੋਂ ਤੁਰ ਜਾਂਦੀ
ਤਾਂ ਹੱਸਦੇ ਵੱਸਦੇ ਘਰਾਂ ਦੇ ਵਿਹੜਿਆਂ 'ਚ
ਮਾਤਮ ਛਾ ਜਾਂਦਾ
ਤ੍ਰਿਮਤਾਂ ਦੇ ਵੈਣ ਪੈਂਦੇ...
ਤੇ ਅੰਬਰਾਂ ਨੂੰ ਮਿਹਣੇ ਦਿੰਦੇ...

ਪਰ ਹੁਣ ਦੌਰ ਨਵੇਕਲਾ ਏ
ਕੁਝ ਵੱਖਰਾ
ਮਾਤਮ, ਸੋਗ ਤੇ ਵੈਣ ਹੁਣ ਮਰੇ ਤੇ ਨਹੀਂ
ਸਗੋਂ ਜਿਉਂਦੇ ਜੀਅ
ਗੂੰਜਦੇ ਨੇ...
ਘਰਾਂ ਦੇ ਵਿਹੜਿਆਂ 'ਚ ਨਹੀਂ
ਸਗੋਂ ਦਿਲਾਂ ਵਿਚ
ਸੋਚਾਂ ਵਿਚ
ਇਨ੍ਹਾਂ ਦਾ ਡੇਰਾ ਹੈ।

ਤ੍ਰਿਮਤਾਂ ਦੇ ਵੈਣ ਤਾਂ ਹਵਾਵਾਂ ਵਿਚ
ਘੁਲ ਜਾਂਦੇ ਸਨ
ਸਿਵਿਆਂ ਦੀ ਰਾਖ਼ ਵਿਚ
ਰੁਲ ਜਾਂਦੇ ਸਨ
ਪਰ ਅੱਜ ਦੇ ਕਬਜ਼ਾਧਾਰੀ ਵੈਣ
ਤੇ ਮਾਤਮੀ ਸਾਏ
ਦਿਲ ਦੀ ਬੇੜੀ ਵਿਚ ਹੀ ਚੱਪੂ ਚਲਾ ਕੇ
ਇਸ ਨੂੰ ਖੋਰ ਦਿੰਦੇ ਨੇ।

ਇਹ ਚਿੰਤਾਵਾਂ ਦੇ ਕੀਰਨੇ
ਮਨੋਂ ਵਿਕਾਰਾਂ ਦੇ ਜੰਜਾਲ

ਭੁੱਬਾਂ ਮਾਰ ਰੋਂਦੇ ਚਾਅ
ਜ਼ਿਹਨੀ ਬਾਜ਼ੀਆਂ ਦੇ ਦਾਅ
ਆਉਂਦੇ ਜਾਂਦੇ ਸਾਹਾਂ ਨੂੰ ਬਣਾ ਦਿੰਦੇ ਨੇ
ਨਕਾਰਾ... ਬੇਸਹਾਰਾ—

ਮੁਕਾਣਾਂ ਦੇ ਟੋਲੇ
ਖ਼ਲਕਤ ਤੋਂ ਓਹਲੇ
ਬਹਿੰਦੇ ਅੰਦਰੀਂ ਤੱਪੜ ਵਿਛਾ
ਦੁਹੱਥੜਾਂ ਨਾਲ ਗੂੰਜੇ ਫ਼ਿਜ਼ਾ
ਫਿਰ ਲਟਕਦੀ ਜਿੰਦ
ਜ਼ਿੰਦਗੀ ਤੋਂ ਪਰ੍ਹਾਂ
ਮੌਤ ਤੋਂ ਉਰ੍ਹਾਂ

ਇਹ 'ਅਮੁਲਾ ਸਰਮਾਇਆ'
ਨਵੇਂ ਜ਼ਮਾਨੇ ਦਾ ਏ...
ਇਸ ਜ਼ਮਾਨੇ ਵਿਚ
ਸਭ ਚੀਜ਼ਾਂ ਦੇ ਨਾ-ਨਾਲ
ਵੈਣਾਂ ਦੇ ਅਰਥ, ਸਥਾਨ
ਤੇ ਕਾਰਜ ਵੀ ਬਦਲ ਚੁੱਕੇ ਨੇ।

# ਹਿਜਰ

ਹੱਡੀਂ ਇਸ਼ਕ ਦਾ ਦਰਦ ਬੈਠਿਆ
ਰੂਹ ਵਿਚ ਬੈਠਾ ਤੂੰ...
ਕੱਤਦੀ-ਕੱਤਦੀ ਕਮਲੀ ਹੋ 'ਗੀ
ਤੇਰੇ ਹਿਜਰ ਦਾ ਰੂੰ...
ਯਾਦਾਂ ਸੀਨੇ ਸੱਲ ਪਾਉਂਦੀਆਂ
ਤੜਫੇ ਵੇ ਲੂੰ-ਲੂੰ
ਤੂੰ ਤਾਂ ਘੱਤ ਵਹੀਰਾਂ ਤੁਰ ਗਿਆ
ਮੈਂ ਵਾਂਗ ਪਪੀਹੇ ਕੂਕਾਂ
ਤੇਰੇ ਸੰਗ ਹੰਢਾਏ ਪਲਾਂ ਨੂੰ
ਹੁਣ ਕਿਸ ਅੱਗ ਥੀਂ ਫੂਕਾਂ
ਵਿਚ ਕਾਲਜੇ ਉਠਣ ਛੱਲਾਂ
ਵਾਂਗ ਝਨਾਂ ਦੇ ਸ਼ੂਕਾਂ
ਸੁਪਨੇ ਕੀਚਰ-ਕੀਚਰ ਹੋਏ
ਜਿਉਂ ਵੇ ਹਰੀਆਂ ਭੂਕਾਂ
ਜਿੰਦ ਸਾਡੀ ਦੇ ਵੈਰੀਆ
ਸਾਨੂੰ ਆ ਸੀਨੇ ਤੂੰ ਲਾ ਵੇ
ਤੇਰੇ ਬਾਝੋਂ ਜੀਣ ਦੀ ਸਾਨੂੰ
ਹਿਰਸ ਹੀ ਮੁੱਕਦੀ ਜਾਵੇ
ਨਾ ਤੜਫਾ ਵੇ
ਹਿਜਰ ਮਿਟਾ ਵੇ

## ਇਸ਼ਕ ਬਰੋਟੇ

ਇਸ਼ਕ ਬਰੋਟੇ
ਸੁੱਕ 'ਗੇ ਸੱਜਣਾ...
ਹੰਝ ਨੈਣਾਂ ਦੇ
ਮੁੱਕ 'ਗੇ ਸੱਜਣਾ...
ਵਿਯੋਗ ਦੀ ਭੱਠੀ
ਹਰਦਮ ਤਪਦੀ
ਜਿੰਦ ਮਲੂਕੜੀ
ਥਲਾਂ 'ਚ ਖਪਦੀ
ਹਿੱਕ ਦੇ ਵਿਚ
ਤੇਰੀ ਯਾਦ, ਦਿਲਾਸੇ
ਹੁਣ ਸਭਨਾਂ ਵਾਲੇ
ਫੁਟ 'ਗੇ ਕਾਸੇ
ਕਾਇਆ ਮੇਰੀ
ਬਣੀ ਕਰੰਗ ਵੇ
ਲੂਸੇ ਗਏ ਨੇ
ਛੋਹਲੇ ਅੰਗ ਵੇ
ਲੋਥ ਮੇਰੀ
ਹੁਣ ਮੇਰੇ ਹਵਾਲੇ
ਬੁੱਕਲ ਵਿਚ ਬਸ
ਛਾਲੇ ਹੀ ਛਾਲੇ
ਰੂਹ ਦੇ ਰਿਜਕ ਨੇ
ਰੁਕ 'ਗੇ ਸੱਜਣਾ...
ਹੰਝ ਨੈਣਾਂ ਦੇ
ਮੁਕ 'ਗੇ ਸੱਜਣਾ...
ਇਸ਼ਕ ਬਰੋਟੇ
ਸੁੱਕ ਗੇ ਸੱਜਣਾ...

## ਯਾਦੇ ਮੇਰੀਏ

ਜੇ ਹੋਵੇਂ ਸਾਹਵੇਂ
ਤੈਨੂੰ ਗਲ ਨਾਲ ਲਾਵਾਂ,
ਚੁੰਮਾ ਮੱਥਾ ਚਿੱਟੜਾ
ਤੇਰੇ ਵਾਰੀ ਜਾਵਾਂ,
ਬੰਨ੍ਹ ਲਾਂ ਤੈਨੂੰ ਕੱਸ ਕੇ
ਮੈਂ ਨਾਲ ਪਰਾਂਦੇ
ਜਾਂ ਛੁੱਟ-ਛੁੱਟ ਤੇਰੇ ਪੱਲੜੇ
ਜਿਹੜੇ ਨੱਸਦੇ ਜਾਂਦੇ...
ਨੀ ਯਾਦੇ ਮੇਰੀਏ...

ਇਹ ਹਾਣੀ ਮੈਨੂੰ ਜੱਗ ਦੇ
ਪਏ ਜਾਪਣ ਰੋਹੀਆਂ,
ਪਰ ਤੂੰ ਰੱਖੇਂ ਸਾਂਭ ਕੇ
ਸਭ ਬੀਤੀਆਂ ਹੋਈਆਂ,
ਜਦ ਤੂੰ ਕਿਧਰੇ ਵਿਸਰੇਂ
ਸੀਨੇ ਪੈਣ ਤਰੇੜੇ
ਜੀਅ ਕਰੇ ਹਮੇਸ਼ ਲਈ ਬਹਿ ਜਾਵਾਂ
ਤੇਰੇ ਢੁੱਕ ਕੇ ਨੇੜੇ...
ਨੀਂ ਯਾਦੇ ਮੇਰੀਏ...

ਸਾਹਾਂ ਦੇ ਹਲਟ ਸ਼ਾਮ ਸਵੇਰੇ
ਬਸ ਤੈਨੂੰ ਹੀ ਜੱਪਦੇ,
ਤੇਰੇ ਬਾਝੋਂ ਮੌਸਮ ਜਿੰਦ ਦੇ
ਵਿਚ ਨਰਕਾਂ ਤਪਦੇ-ਖਪਦੇ,
ਵਸਲਾਂ ਦੇ ਪਲ ਬਖ਼ਸ਼ ਦੇ ਸਾਨੂੰ
ਸਾਡੇ ਲਈ ਲੋੜੀਂਦੇ...
ਸੁਪਨੇ ਆਵਣ ਤੇਰੇ ਵਸਲ ਦੇ
ਨਿੱਤ ਹੀ ਕੇਲ ਕਰੀਂਦੇ
ਨੀਂ ਯਾਦੇ ਮੇਰੀਏ...

## ਯਾਦ ਰੱਖਾਂਗੇ

ਭੁੱਲ ਜਾਣਾ ਆਦਤ ਸਾਡੀ ਨਹੀਂ
ਯਾਦ ਰੱਖਾਂਗੇ ਮਿੱਤਰਾਂ ਸਾਰਿਆਂ ਨੂੰ...
ਅਸੀਂ ਉਹ ਨਹੀਂ ਜੋ ਢਾਹ ਜਾਂਦੇ
ਛਾਵੇਂ ਬਹਿ ਕੇ ਕੱਚਿਆਂ ਢਾਰਿਆਂ ਨੂੰ...
ਮਨੋਂ ਵਿਸਾਰ ਦੇਣਾ
ਐਵੇਂ ਸੌਖਾ ਨਹੀਂ,
ਪੜ੍ਹੇ ਨਾਲ ਵਿਆਹਿਆਂ ਕੁਆਰਿਆਂ ਨੂੰ...
ਮੁੱਢੋਂ ਅਸੀਂ ਧਿਆਉਂਦੇ ਮੰਨਦੇ ਆਏ
ਤੇ ਮੰਨਦੇ ਰਹਿਣਾ ਏ ਪੀਰਾਂ ਜ਼ਾਹਰਿਆਂ ਨੂੰ...

## ਜ਼ਖਮੀ ਹੌਕੇ

ਤੁਸੀਂ ਬੋਲੇ ਮੰਦੇ ਚੰਗੇ ਬੋਲ ਬੜੇ,
ਅਸੀਂ ਚੁੱਪ ਕਰ ਸਭ ਕੁਝ ਸਹਿ ਗਏ ਆਂ...
ਤੁਸੀਂ ਅੰਬਰਾਂ ਤੱਕ ਜਾ ਉਸਰੇ ਹੋ
ਅਸੀਂ ਧੁਰ ਤੱਕ ਅੰਦਰੋਂ ਢਹਿ ਗਏ ਆਂ...
ਤੁਸੀਂ ਖ਼ੁਸ਼ੀਆਂ ਖੋਹ 'ਜਸਪਿੰਦਰ' ਤੋਂ
ਬਣ 'ਗੇ ਹੋ ਬੇਈਮਾਨ ਜਹੇ...
ਅਸੀਂ ਜ਼ਖਮੀ ਹੌਕੇ ਹਾਵਿਆਂ ਨੂੰ
ਲੈ ਬੁੱਕਲ ਦੇ ਵਿਚ ਬਹਿ ਗਏ ਆਂ...

## ਡੂੰਘੇ ਫੱਟ

ਫੱਟ ਡੂੰਘੇ ਨੇ ਬਹੁਤ ਕਟਾਰਾਂ ਦੇ,
ਧੋਖੇਬਾਜ਼ ਤੇ ਚਾਲਬਾਜ਼ ਸਰਕਾਰਾਂ ਦੇ,
ਕੁਝ ਛਵੀਆਂ ਸੀਨੇ ਲਹਿ 'ਗੀਆਂ ਸੀ...
ਬਸ ਤੇਰੀ ਹਾਂ...
ਬਸ ਤੇਰੀ ਹਾਂ...
ਕੁਝ ਭੋਲੀਆਂ ਸੂਰਤਾਂ ਕਹਿ 'ਗੀਆਂ ਸੀ...
ਦੱਸ ਕਿੱਥੋਂ ਸ਼ੁਰੂ ਕਰਾਂ
ਕਿੱਥੋਂ ਫੋਲਾਂ ਮੈਂ
ਜ਼ਖਮਾਂ 'ਚੋਂ ਉਠਦੀਆਂ ਚੀਸਾਂ ਨੂੰ...
ਮੈਂ ਅੱਜ ਤੱਕ ਭਰਦਾ ਫਿਰਦਾ ਹਾਂ
ਲੱਗੇ ਜੁਰਮਾਨੇ ਵਫਾਂ ਦੀਆਂ ਫੀਸਾਂ ਨੂੰ।

## ਵਿਕਾਸ ਦੀ ਹੱਦ

ਜਣਾਂ-ਖਣਾਂ ਹੀ ਵਿਕਾਸ-ਵਿਕਾਸ
ਦੀ ਰੱਟ ਹੈ ਲਾਈ ਫਿਰਦਾ।
ਜੰਗਲ ਵੱਢ-ਵੱਢ ਲਾਵੇ ਕਾਰਖਾਨੇ
ਬੰਦਾ ਆਪ ਹੀ ਤੰਦ ਉਲਝਾਈ ਫਿਰਦਾ।
ਤਪਸ਼ ਵਧਦੀ ਜਾਂਦੀ ਹੈ ਧਰਤੀ 'ਤੇ
ਗਲੋਬਲ ਵਾਰਮਿੰਗ ਦੀ ਪਾਵੇ ਦੁਹਾਈ ਚਿਰਦਾ।
ਦੱਸੋ ਕਾਹਦਾ ਇਹ ਵਿਕਾਸ ਯਾਰੋ
ਇਹ ਨੇ ਕਾਹਦੀਆਂ ਤਰੱਕੀਆਂ।
ਤਪੇ ਸੂਰਜਾਂ ਨੂੰ ਝੱਲੇ ਬੰਦਾ
ਨੇੜੇ ਢੁਕ-ਢੁਕ ਪੱਖੀਆਂ॥

## ਨਿੱਘ ਅੰਦਰੋਂ ਪੈਂਦੇ ਭਾਲਣੇ...

ਰੂਹਾਨੀ ਇਸ਼ਕ ਦਾ ਹੈ ਪੈਂਡਾ ਵੱਖਰਾ
ਕਈ ਜਫ਼ਰ ਪੈਂਦੇ ਜਾਲਣੇ
ਝੂਠ ਦੀ ਕੰਬਲੀ ਲਾਹੁਣ ਲਈ
ਠਾਰਣ ਲਈ ਭੌਰ ਹਿਜਰ ਦਾ
ਨਿੱਘ ਅੰਦਰੋਂ ਪੈਂਦੇ ਭਾਲਣੇ...

ਮੁਰਸ਼ਦ ਦੇ ਗਲ ਬਾਹਵਾਂ ਪਾ ਕੇ
ਧੁਰ ਦਰਗਾਹੇ ਜਾਣਾ ਜੇ
ਕੂੜ ਦਾ ਪੱਲਾ ਛੱਡਣਾ ਪੈਂਦੈ
ਸਭ ਗਰਜ਼ਾਂ ਪਾਸੇ ਧਰ ਕੇ
ਰਾਹ ਇਸ਼ਕ-ਹਕੀਕੀ ਫੜ ਕੇ
ਮੁਰਸ਼ਦ ਦੇ ਪੈਰਾਂ ਦੀ ਭੁਬਲ ਬਣ ਜਾਈਏ
ਜੇ ਹੋਣ ਕਾਫ਼ਿਲੇ ਗਰਜ਼ ਉਠਾਲਣੇ...

ਇਸ ਵੱਖਰੇ ਵਣਜ ਨੂੰ ਖ਼ਲਕਤ ਸਾਰੀ
ਖ਼ਤਾ-ਏ-ਕਾਫ਼ਰ ਆਖੇ
ਜੋ ਵੀ ਸੱਚ ਦੀ ਚੁੰਝ ਚਲਾ ਕੇ
ਭਰਦਾ ਕੋਰੇ ਖਾਕੇ
ਇਕੋ ਧੁਰ ਦਾ ਯਾਰ ਬਣਾਈਏ
ਬਸ ਤੂੰ ਹੀ-ਤੂੰ ਹੀ ਗਾਈਏ
ਜੇ ਰਹਿਮਤ ਰਿਜ਼ਕ ਸੰਭਾਲਣੇ...

ਮਨਾਂ ਬੁੱਲ੍ਹੇ ਦੇ ਵਾਂਗੂੰ ਤੂੰ ਵੀ
ਬੁੱਲਾ ਬਣ ਕੇ ਝੁਲਣਾ ਜੇ
ਇਬਾਦਤ ਪੈਰੀਂ ਝਾਂਜਰ ਪਾ ਲੈ
ਅੱਲਾਹ ਆਪਣਾ ਮੁਨਸ ਬਣਾ ਲੈ
ਅਗਨ-ਏ-ਜਫ਼ਾ ਤੋਂ ਖਤਰਾ ਕਾਹਦਾ
ਸਿਰੋਂ ਮੂਜੀ ਸ਼ਖ਼ਸ ਜੇ ਟਾਲਣੇ...
ਨਿੱਘ ਅੰਦਰੋਂ... ... ...

## ਕਮਾਈਆਂ ਤੇ ਦਵਾਈਆਂ

ਕਮਾਈਆਂ ਤਾਂ ਜੱਟ ਮੁੱਢੋਂ ਕਰਦਾ ਆਇਐ।
ਪਰ ਅੱਜ ਕਮਾਈਆਂ ਦਾ ਮੁੱਢ ਦਵਾਈਆਂ ਨੇ॥
ਜੱਟ ਦੇ ਖੇਤਾਂ ਦੀ ਕਾਲੀ ਭੂਰੀ ਮਿੱਟੀ।
ਜਿਹੜੀ ਕਰ-ਕਰ ਮੁਸ਼ਕਤਾਂ ਦਿਨ ਰਾਤ ਨਜਿੱਠੀ॥
ਉਹ ਹੈ ਦਵਾਈਆਂ ਦੇ ਜ਼ਹਿਰੇ ਅਸਰ ਅਧੀਨ।
ਤਾਂ ਵੀ ਪੈਦਾ ਕਰਦੀ ਨਰਮੇ ਨਾਲ ਨਦੀਨ॥
ਕਮਾਈ ਹੁਣ ਸੁੱਚਾ, ਮਿੱਠਾ ਸੌਦਾ ਨਹੀਂ।
ਬਿਨਾਂ ਜ਼ਹਿਰ ਕੋਈ ਖੇਤ 'ਚ ਪੌਦਾ ਨਹੀਂ॥
ਫਸਲੋਂ ਨਿਕਲ ਕੀੜੇ ਜੁਸਿਆਂ 'ਚ ਵੜੇ ਨੇ।
ਓਪਰੀ ਜਹੀ ਹਵਾ ਚੱਲੀ 'ਹੁਣ ਝਾੜ ਬੜੇ ਨੇ'॥
ਵਿਹੁ ਵਾਲੇ ਦਾਣਿਆਂ ਨੂੰ ਬੋਹਲ ਆਖੀਏ।
ਹੋਵੇ ਜਦ ਕੈਂਸਰ ਤਾਂ ਕੋਹੜ ਆਖੀਏ॥
ਵਸ਼ੈਲੀ ਭੰਡਾਰ ਖ਼ੁਦ ਅੰਦਰੀਂ ਉਲੱਟ ਰਹੇ ਹਾਂ।
ਅਸੀਂ ਵੱਡਿਆਂ ਰੋਗਾਂ ਦੀ ਖੱਟੀ ਖੱਟ ਰਹੇ ਹਾਂ॥
ਆਦਤਾਂ ਇਹੀ ਸਭ ਨੇ ਅਪਨਾਈਆਂ ਨੇ
ਕਮਾਈਆਂ ਤਾਂ ਜੱਟ ਮੁੱਢੋਂ ਕਰਦਾ ਆਇਐ।
ਪਰ ਅੱਜ ਕਮਾਈਆਂ ਦਾ ਮੁੱਢ ਦਵਾਈਆਂ ਨੇ॥

# ਪੌਣ ਗਈ ਨਸ਼ਿਆ

ਪੌਣ ਗਈ ਨਸ਼ਿਆ
ਵੇ ਸੱਜਣਾ
ਪੌਣ ਗਈ ਨਸ਼ਿਆ
ਲੱਪ ਲੱਪ ਸਾਨੂੰ ਜੋਬਨ ਚੜ੍ਹਿਆ
ਗਿੱਠ-ਗਿੱਠ ਚੜ੍ਹਿਆ ਚਾਅ
ਪੌਣ ਗਈ ਨਸ਼ਿਆ
ਵੇ ਸੱਜਣਾ
ਪੌਣ ਗਈ...

ਇਹ ਪੌਣ ਆਈ ਦੇਸ ਪ੍ਰਦੇਸੋਂ
ਵਿਚ ਸੁਗੰਧੀਆਂ ਘੁਲੀਆਂ
ਜਿਸ ਜੋਬਨ ਨਾ ਪੌਣ ਹੰਢਾਈ
ਓਹਦੀਆਂ ਸੱਧਰਾਂ ਰੁਲੀਆਂ
ਪੌਣਾਂ ਖ਼ਾਤਰ ਰੰਗਲਾ ਜੋਬਨ
ਸਾਹੀਂ ਲੈਂਦਾ ਸਾਹ...
ਪੌਣ ਗਈ ਨਸ਼ਿਆ
ਵੇ ਸੱਜਣਾ
ਪੌਣ ਗਈ...

ਮਾਣੇਂ ਵੇ ਤੂੰ ਰੁੱਤ ਪਿਆਰ ਦੀ
ਬਹਾਰ ਅਸੀਂ ਬਣ ਜਾਈਏ
ਤੇਰੀ ਸੁੱਚੀ ਕਾਇਆ ਸੱਜਣਾ
ਨਾਲ ਫੁੱਲਾਂ ਤੁਲਨਾਈਏ
ਕੰਡੇ ਤੇਰੇ ਰਾਹੋਂ ਚੁਗੀਏ
ਕਲੀਆਂ ਦੇਈਏ ਵਿਛਾ...
ਪੌਣ ਗਈ ਨਸ਼ਿਆ
ਵੇ ਸੱਜਣਾ

ਪੌਣ ਗਈ ਨਸ਼ਿਆ...

ਜੋਬਨ ਵਾਲੀ ਸਰਘੀ ਦਾ ਤੈਨੂੰ
ਮਹਿਰਮ ਸੱਜਣਾ ਆਖਾਂ...
ਚੋਗ ਚੁਗੇਂ ਤੂੰ ਹੰਸਾਂ ਵਾਲੀ
ਨਾਲੇ ਇਸ਼ਕ ਦੀਆਂ ਦਾਖਾਂ...
ਸਾਡੀ ਉਜੜੇ ਤੇਰੀ ਹੋਵੇ
ਹਰ ਇਕ ਪੂਰੀ ਚਾਹ
ਪੌਣ ਗਈ ਨਸ਼ਿਆ
ਵੇ ਸੱਜਣਾ
ਪੌਣ ਗਈ...

## ਬੁੜ੍ਹਿਆ ਪੰਜਾਬ

ਸਾਡਾ ਬੁੜ੍ਹਿਆ ਪੰਜਾਬ, ਇਹਨੂੰ ਕੁੜੀਆਂ ਦੀ ਲੋੜ ਏ...
ਹੋਣ 'ਕੱਠੀਆਂ ਤ੍ਰਿੰਞਣਾਂ 'ਚ ਜੁੜੀਆਂ ਦੀ ਲੋੜ ਏ

ਰੋਂਦਾ ਏ ਪੰਜਾਬ ਸਾਡਾ ਭੁੱਬਾਂ ਮਾਰ
ਪਈ ਇਹਨੂੰ ਬੁਰੀ ਕੁੜੀ ਮਾਰਾਂ ਵਾਲੀ ਮਾਰ
ਇਸ ਮਾਮਲੇ ਦੀ ਲੈਂਦਾ ਨਾ ਕੋਈ ਸਾਰ
ਕਿ ਘਟੇ ਅਨੁਪਾਤ ਵਾਲੀ ਥੋੜ੍ਹ ਏ...

ਲੋਥਾਂ ਨਾਲ ਲਾਲ ਅੱਜ ਟੱਬਰਾਂ ਦੇ ਵਿਹੜੇ
ਤਾਂਘਦੇ ਨੇ ਸਾਰੇ ਬਸ ਪੁੱਤਰਾਂ ਦੇ ਖੇੜੇ
ਮਸ਼ੀਨਾਂ ਨਾਲ ਹੁੰਦੇ ਪਏ ਜਿੰਦਾਂ ਦੇ ਨਬੇੜੇ
ਕਾਹਦੀ ਹੈ ਤਰੱਕੀ, ਨਿਰਾ ਕਾਲਾ ਕੋਹੜ ਏ...

ਲੱਭਣ ਨਾ ਕਿਤੇ ਅੱਜ ਘਰਾਂ ਵਿਚ ਧੀਆਂ
ਰੋਣ ਸੁੰਨੀਆਂ ਤੇ ਸੱਖਣੀਆਂ ਪਿੰਡਾਂ ਦੀਆਂ ਬੀਹਾਂ
ਹਿਲ ਜਾਣਗੀਆਂ ਏਦਾਂ ਸਭ ਦੀਆਂ ਨੀਹਾਂ
ਇਹੀ ਭੈਅ ਖਾਂਦਾ ਤੋੜ-ਤੋੜ ਏ...

ਖ਼ਲਕਤ ਖੜੀ ਇਨ੍ਹਾਂ ਧੀਆਂ ਦੇ ਹੀ ਆਸਰੇ
ਹੋਇਆ ਕੀ ਜੇ ਕੁੱਖ ਵਿਚੋਂ ਧੀ ਨਾ ਉਭਾਸਰੇ
ਇਨ੍ਹਾਂ ਬਾਝੋਂ ਹੋਣਾ ਅਸੀਂ ਉਜੜੇ ਨਿਆਸਰੇ
ਧੀਆਂ ਵਾਲਾ ਮੁੱਲ ਲੈ ਕੇ ਲੱਖ ਤੇ ਕਰੋੜ ਏ...

## ਸਾਨੂੰ ਸ਼ਿਕਵੇ ਨੇ...

ਸਾਨੂੰ ਸ਼ਿਕਵੇ ਨੇ ਇਸ ਜ਼ਿੰਦਗੀ ਤੋਂ,
ਗ਼ਮ ਪੈਰ-ਪੈਰ 'ਤੇ ਟੱਕਰੇ ਨੇ॥
ਨਾ ਕੋਈ ਆਸ ਵਫ਼ਾ ਦੀ ਸੱਜਣਾਂ ਤੋਂ
ਜਿਨ੍ਹਾਂ ਖ਼ੁਸ਼ੀ ਦੇ ਪਾੜੇ ਪੱਤਰੇ ਨੇ...
ਸਾਨੂੰ ਸ਼ਿਕਵੇ ਨੇ ਇਸ ਜ਼ਿੰਦਗੀ ਤੋਂ...
ਗ਼ਮ ਪੈਰ-ਪੈਰ 'ਤੇ... ... ...

ਬੜੇ ਸਿਤਮ ਢਾਹੇ ਹਾਲਾਤਾਂ ਨੇ
ਅਸੀਂ ਕਿਸ-ਕਿਸ ਤੋਂ ਬਚ ਜਾਂਦੇ...
ਸਾਨੂੰ ਖ਼ਿਤਾਬ ਰੋਹੀਆਂ ਦੇ ਕੰਡਿਆਂ ਦਾ
ਕਿਵੇਂ ਵਾਂਗ ਗੁਲਾਬਾਂ ਜਚ ਜਾਂਦੇ...
ਦਾਅ ਖੇਡ, ਲੇਖ ਵਟਾ ਲਏ ਹੋਰਾਂ ਨੇ
ਪੱਲੇ ਵਿਚ ਸੱਧਰਾਂ ਦੇ ਡੱਕਰੇ ਨੇ...
ਸਾਨੂੰ ਸ਼ਿਕਵੇ ਨੇ ਇਸ ਜ਼ਿੰਦਗੀ ਤੋਂ...
ਗ਼ਮ ਪੈਰ-ਪੈਰ 'ਤੇ ਟੱਕਰੇ ਨੇ...

ਬੁਰੇ ਦੌਰ ਦੀਆਂ ਇਨ੍ਹਾਂ ਸੱਟਾਂ ਨੇ
ਸਾਡੇ ਚਾਵਾਂ ਨੂੰ ਧੁਰ ਤੱਕ ਪੱਛਿਆ ਏ...
ਬਚ 'ਗੇ ਹਾਂ ਸਭ ਕੁਝ ਸਹਿ ਕੇ ਵੀ
ਇਹ ਵੇਖ ਜ਼ਮਾਨਾ ਮੱਚਿਆ ਏ...
ਕਿਉਂ ਸਾਡੇ ਸਾਹੀਂ ਸਾਹ ਲੈਂਦਾ
ਜਰਦੇ ਇਹ ਲੋਕ ਨਾ ਅੱਥਰੇ ਨੇ...
ਸਾਨੂੰ ਸ਼ਿਕਵੇ ਨੇ ਇਸ ਜ਼ਿੰਦਗੀ ਤੋਂ...
ਗ਼ਮ ਪੈਰ-ਪੈਰ 'ਤੇ... ... ...

ਲਹੂ ਨਾਲ ਮੁਸੀਬਤਾਂ ਭਰੀਆਂ ਨੇ
ਜ਼ਿੰਦਗੀ ਦੇ ਸਫ਼ਰ ਸੁਖਾਵੇਂ ਨਾ,
ਸਿਰ ਗ਼ਮਾਂ ਦਾ ਸੂਰਜ ਤਪਦਾ ਏ

ਮੁੱਦਤਾਂ ਤੋਂ ਬੈਠਾ ਛਾਵੇਂ ਨਾ...
ਕਈ ਨਿਚੋੜ ਸੁੱਟੇ 'ਜਸਪਿੰਦਰ' ਨੇ
ਸਾਲੂ ਅਜੇ ਵੀ ਸਿਰ ਕੁਝ ਰੱਤੜੇ ਨੇ...
ਸਾਨੂੰ ਸ਼ਿਕਵੇ ਨੇ ਇਸ ਜ਼ਿੰਦਗੀ ਤੋਂ
ਗ਼ਮ ਪੈਰ-ਪੈਰ 'ਤੇ... ... ...

## ਆਜਾ ਮਾਰ ਕੇ ਉਡਾਰੀ

ਆਜਾ ਮਾਰ ਕੇ ਉਡਾਰੀ ਪ੍ਰਦੇਸੀਆ
ਜਿੰਦ ਹੌਕਿਆਂ 'ਚ ਮੁੱਕਦੀ ਜਾਵੇ
ਵੇ ਹੰਝੂਆਂ ਦੀ ਧਾਰ ਵੈਰੀਆ
ਮੇਰੀ ਹਿੱਕ ਤੇ ਔਂਸੀਆਂ ਪਾਵੇ

ਸੁੱਕ ਚੱਲੇ ਬੁੱਲ੍ਹਾਂ ਉੱਤੋਂ ਸ਼ੋਖੀਆਂ ਦੇ ਗੀਤ ਵੇ
ਹੰਝੂਆਂ ਦੇ ਨਾਲ ਬਸ ਨੈਣਾਂ ਦੀ ਪ੍ਰੀਤ ਵੇ
ਸੂਹੀ ਮਹਿੰਦੀ ਤਲੀਆਂ ਦੀ ਸੱਲ ਕਾਲਜੇ ਪਾਵੇ

ਚੰਨਾ ਰੱਜ ਨਾ ਹੰਢਾਏ ਅਜੇ ਖ਼ੁਸ਼ੀਆਂ ਦੇ ਖੇੜੇ
ਪੈਣ ਅੰਬਰਾਂ 'ਚੋਂ ਭੂਰ-ਭੂਰ ਚਾਵਾਂ ਦੇ ਬਨੇਰੇ
ਵਹਿਣ ਗਮਾਂ ਦਾ ਹਵੇਲੀ ਹਿਰਸ ਦੀ ਢਾਹਵੇ

ਵੀਣੀ ਦੀਆਂ ਵੰਗਾਂ ਤੇ ਸ਼ਿੰਗਾਰ ਫੁੱਟ-ਫੁੱਟ ਰੋਣ
ਟੁੱਟੇ ਰੀਝਾਂ ਵਾਲੇ ਟੋਟੇ ਮੇਰੇ ਸੁਪਨੇ 'ਚ ਭੌਂਣ
ਬਹਿ-ਬਹਿ ਰੋਵਾਂ ਰਾਤੀਂ ਕੋਈ ਨਾ ਵਰਾਵੇ

ਲਾਰੇ ਤੱਤੜੀ ਨੂੰ ਲਾ ਕੇ ਪ੍ਰਦੇਸੀਂ ਬੈਠਾ ਢੁੱਕ ਵੇ
ਤੇਰੇ ਆਉਣ ਤੱਕ ਸੀਰ ਜਾਣਾ ਸਾਹਾਂ ਵਾਲਾ ਮੁੱਕ ਵੇ
ਮਲੂਕੜੀ ਜਹੀ ਜਿੰਦ ਵੈਰੀਆ ਬਸ ਤੈਨੂੰ ਹੀ ਚਾਹਵੇ

# ਕਰੀਏ ਹੱਲ ਸਵਾਲਾਂ ਨੂੰ...

ਸਰਹੱਦ ਦੀਆਂ ਕੰਡਿਆਲੀਆਂ ਤਾਰਾਂ ਨੇ,
ਸਾਨੂੰ ਵੱਖ ਆਪਣਿਆਂ ਤੋਂ ਕੀਤਾ ਏ...
ਸਾਡੇ ਸਾਂਝੇ ਧਰਮ ਅਸਥਾਨ ਸਾਰੇ,
ਸਾਂਝੇ ਗੁਰੂ ਗ੍ਰੰਥ ਕੁਰਾਨ ਤੇ ਗੀਤਾ ਏ...
ਧਿਗਾਣਿਆਂ ਸਾਡੀ ਫੁੱਟ ਪਵਾਈ,
ਸਮਝੇ ਨਾ ਅਸੀਂ ਚਾਲਾਂ ਨੂੰ...
ਆਓ ਗਲ ਵਿਚ ਬਾਹਾਂ ਪਾ ਲਈਏ
ਤੇ ਕਰੀਏ ਹੱਲ ਸਵਾਲਾਂ ਨੂੰ...

ਕਰਕੇ ਸਾਂਝੀ ਵਾਰਤਾ ਕਿਧਰੇ
ਗਿਲੇ ਸ਼ਿਕਵੇ ਸਭ ਮਿਟਾ ਲਈਏ...
ਪੈਂਹਠ, ਇਕੱਤਰ, ਕਾਰਗਿਲ,
ਕਸ਼ਮੀਰ ਦੇ ਕਸਬ ਭੁਲਾ ਲਈਏ
ਦਹਿਸ਼ਤ, ਵਹਿਸ਼ਤ ਜੜ੍ਹੋਂ ਮੁਕਾਉਣੀ
ਚਾਹੀਏ ਇਨ੍ਹਾਂ ਖਿਆਲਾਂ ਨੂੰ...

ਅੱਜ ਅੱਤਵਾਦ ਹੈ ਮਸਲਾ ਭਾਰੂ
ਕਰੇ ਮਨੁੱਖਤਾ ਜ਼ਖਮੀ ਇਹ
ਸੀਰੀਅਲ ਬੰਬ ਧਮਾਕੇ ਕਰ-ਕਰ
ਰਸਮ ਪਾਵੇ ਗ਼ੈਰ ਰਸਮੀ ਇਹ
ਅੰਨ੍ਹਾ ਜ਼ੁਲਮ ਜਿੰਦੜੀਆਂ ਰੋਲੇ ਨਾ
ਆਓ ਚੁੱਕੀਏ ਐਸੀਆਂ ਢਾਲਾਂ ਨੂੰ...

ਭਾਰਤ-ਪਾਕਿ ਪੱਗ ਵੱਟ ਆੜੀ ਨੇ
ਹੁਣ ਅਸੀਂ ਦੱਸਣੈ ਸਾਰੀ ਦੁਨੀਆਂ ਨੂੰ
ਇਕ-ਦੂਜੇ ਲਈ ਅਮਨ ਦੇ ਹਾਰ ਪਰੋਣੇ
ਤੇ ਮਹਿਕਾਉਣਾ ਰਾਹਾਂ ਸੁੰਨੀਆਂ ਨੂੰ...
ਵਿਛੜਿਆਂ ਤਾਂ ਲੰਘੀਆਂ ਕਈ ਪ੍ਰਭਾਤਾਂ
ਮਿਲੀਏ ਅੱਜ ਤ੍ਰਿਕਾਲਾਂ ਨੂੰ...

## ਭੱਖੜੇ ਦੇ ਕੰਡੇ

ਵੇ ਅਸੀਂ ਗਮਾਂ ਦੇ ਝਰੀਟੇ
ਨਾ ਭੱਖੜੇ ਦੇ ਕੰਡੇ ਝੋਲੀ ਪਾ...
ਲੁੱਟੀਆਂ ਨੇ ਖ਼ੁਸ਼ੀਆਂ
ਤੇ ਲੁੱਟ ਗੇ ਨੇ ਹਾਸੇ
ਸਾਡੇ ਉਜੜੇ ਨੇ ਧੁਰੋਂ ਸਾਰੇ ਚਾਅ
ਵੇ ਅਸੀਂ ਗਮਾਂ ਦੇ ਝਰੀਏ
ਨਾ ਭੱਖੜੇ...

ਗਮ ਦੁੱਖ ਤੇ ਤਸੀਹੇ
ਸਾਡੇ ਪਹਿਲਾਂ ਤੋਂ ਹੀ ਸਾਥੀ
ਤਾਬ ਝੱਲ ਕੇ ਇਨ੍ਹਾਂ ਦੀ
ਸਾਡੀ ਜੀਭ ਗਈ ਕਾਠੀ
ਸਤ ਮੁੱਕਿਆ ਏ ਹੁਣ
ਬਸ ਜਾਨ ਹੀ ਏ ਬਾਕੀ
ਗਲ ਪਾਵੀਂ ਨਾ ਮੁਸੀਬਤਾਂ ਦਾ ਫਾਹ
ਵੇ ਅਸੀਂ ਗਮਾਂ ਦੇ ਝਰੀਟੇ
ਨਾ ਭੱਖੜੇ...

ਇਨ੍ਹਾਂ ਕੰਡਿਆਂ ਦੇ ਜ਼ਹਿਰਾਂ
ਪਿੰਡੇ ਕਰ ਦੇਣੇ ਨੀਲੇ
ਨਿਰੇ ਜ਼ਹਿਰ ਬਣ ਜਾਣੇ
ਜਿਹੜੇ ਅੰਗ ਨੇ ਨਸ਼ੀਲੇ
ਵੇ ਅਸੀਂ ਸੱਪ ਨਾ ਕੋਈ ਐਸੇ
ਜਿਹੜੇ ਜਾਂਦੇ ਨਾਹੀ ਕੀਲੇ
ਅਸੀਂ ਓਹੀ ਜੋ ਸਪਾਦਿਆਂ ਪਟਾਰੀ ਲਏ ਪਾ
ਵੇ ਅਸੀਂ ਗਮਾਂ ਝਰੀਟੇ
ਨਾ ਭੱਖੜੇ...

ਪਿੰਡਾ ਤਪਦਾ ਏ ਸਾਡਾ
ਮੁੱਢੋਂ ਮਾਰਿਆ ਵਿਯੋਗ ਦਾ
ਵੇ ਸਾਡੇ ਹੱਡਾਂ ਵਿਚ ਹੋਵੇ
ਵੈਣ ਖ਼ੁਸ਼ੀਆਂ ਦੇ ਸੋਗ ਦਾ
ਤੂੰ ਨਾ ਜਾਣੇ 'ਜਸਪਿੰਦਰਾ'
ਕੀ ਦਿਲ ਸਾਡਾ ਭੋਗਦਾ
ਹਾੜਾ... ਨਾ ਤੀਲੇ ਭੱਠੀ ਵਿਚ
ਝੱਖੜਾਂ ਦੇ ਢਾਹ
ਵੇ ਅਸੀਂ ਗਮਾਂ ਦੇ ਝਰੀਟੇ
ਨਾ ਭੱਖੜੇ ਦੇ ਕੰਡੇ ਝੋਲੀ ਪਾ

## ਅਣ-ਪੀਤੇ ਨਸ਼ੇ...

ਅਣ-ਪੀਤੇ ਨਸ਼ੇ ਦਾ ਸਰੂਰ ਜਿਹਾ ਲੱਗਦਾ।
ਸਾਹਵੇਂ ਬੈਠਾ ਸੱਜਣ ਵੀ ਦੂਰ ਜਿਹਾ ਲੱਗਦਾ।

ਹੋਈ ਜਾਣ ਦਿਨੋਂ-ਦਿਨ ਸੋਚਾਂ ਡੂੰਘੀਆਂ,
ਕਦੇ ਆਪਣੇ ਹੀ ਆਪ ਤੇ ਗਰੂਰ ਜਿਹਾ ਲੱਗਦਾ।

ਇਕ ਮਰਦੀ ਨਾ, ਦੂਜੀ ਉਠ ਹੈ ਖਲੋਂਦੀ,
ਦਿਲ ਸੱਧਰਾਂ ਤੋਂ ਡਾਢਾ ਮਜਬੂਰ ਜਿਹਾ ਲੱਗਦਾ।

ਸੁਪਨੇ ਨੇ ਖਾਂਦੇ ਗੇੜੇ ਮਨ ਦੇ ਚੰਡੋਲ ਤੇ,
ਹਕੀਕਤਾਂ ਦਾ ਸੂਰਜ ਬੇ-ਨੂਰ ਜਿਹਾ ਲੱਗਦਾ।

ਵਕਤ, ਹਾਲਾਤ ਤੇ ਕੀ ਸੱਧਰਾਂ ਦਾ ਦੋਸ਼ ਯਾਰੋ,
ਸਾਨੂੰ ਆਪਣੇ ਹੀ ਆਪ ਦਾ ਕਸੂਰ ਜਿਹਾ ਲੱਗਦਾ।

## ਰਹਿੰਦੀ ਸੋਚਾਂ 'ਚ ਗਵਾਚੀ...

ਰਹਿੰਦੀ ਸੋਚਾਂ 'ਚ ਗਵਾਚੀ ਮੇਰੀ ਸੋਚ ਹਰ ਦਮ,
ਸੋਚ ਆਪਣੀ ਨੂੰ ਜੱਗ 'ਚ ਆਜ਼ਾਦ ਕਿੰਝ ਰੱਖਾਂ...?

ਸੌੜੀ ਰੀਤ ਦੀਆਂ ਤੰਦਾਂ ਮੇਰੇ ਫ਼ਰਜ਼ਾਂ ਦੁਆਲੇ
ਸਿਰ ਫ਼ਰਜ਼ਾਂ ਦੇ ਤੋਹਮਤਾਂ ਦਾ ਤਾਜ ਕਿੰਝ ਰੱਖਾਂ...

ਉਡਣਾ ਤਾਂ ਚਾਹੁੰਦੀ ਸੋਚ ਉੱਚੇ ਅੰਬਰਾਂ ਵਿਚਾਲੇ
ਪਰ ਇਨ੍ਹਾਂ ਝੱਖੜਾਂ 'ਚ ਉੱਚੀ ਪਰਵਾਜ਼ ਕਿੰਝ ਰੱਖਾਂ...

ਮੌਸਮਾਂ ਦੀ ਮਾਰ ਮੈਨੂੰ ਕਰਦੀ ਕਰੰਗ ਜਾਵੇ
ਨਿਮਾਣੇ ਜਹੇ ਵਜੂਦ ਦੀ ਮੈਂ ਲਾਜ ਕਿੰਝ ਰੱਖਾਂ...

ਲੋਕਾਈ ਦੇ ਹਿੱਤਾਂ ਦੀ ਜਿਹੜੀ ਸਾਂਭੀ ਮੈਂ ਸੌਗਾਤ,
ਹੁਣ ਹੈ ਚੱਲੀ ਨਸ਼ਰ, ਇਹਨੂੰ ਰਾਜ਼ ਕਿੰਝ ਰੱਖਾਂ...

## ਆਓ ਜ਼ਿੰਦਗੀ ਲੱਭੀਏ...

ਆਓ ਜ਼ਿੰਦਗੀ ਲੱਭੀਏ ਕਿਤਾਬਾਂ ਵਿਚੋਂ,
ਤੇ ਖ਼ੁਸ਼ੀਆਂ ਢੂੰਡੀਏ ਸੱਜਰੇ ਖੁਆਬਾਂ ਵਿਚੋਂ।

ਆਓ ਧੁਰ ਦਾ ਸੰਗੀਤ ਮੁੜ ਛੇੜੀਏ,
ਤਾਰਾਂ ਤੇ ਲੱਕੜ ਦੀਆਂ ਰਬਾਬਾਂ ਵਿਚੋਂ।

ਆਓ ਖੇਤਾਂ ਦੇ ਨਵਾਬਾਂ ਨੂੰ ਹੱਕ ਦਵਾਈਏ,
ਤੇ ਸੱਚ ਛਾਣੀਏ ਸ਼ਾਹਾਂ ਦੇ ਹਿਸਾਬਾਂ ਵਿਚੋਂ।

ਆਓ ਜੀਵਨ ਦਾ ਕੋਈ ਆਦਰਸ਼ ਚੁਣੀਏ,
ਚਮਕਦੇ ਨਿੱਕੇ-ਨਿੱਕੇ ਅਫਤਾਬਾਂ ਵਿਚੋਂ।

ਆਓ ਛੱਲਾਂ ਉਤਲੀਆਂ ਹੇਠਲੀਆਂ ਦਾ ਬੋਧ ਪਾਈਏ
ਵਗਦੇ ਰਾਵੀ, ਸਤਲੁਜ ਤੇ ਝਨਾਬਾਂ ਵਿਚੋਂ।

ਆਓ ਹੱਕ ਤੇ ਸੱਚ ਦੀ ਖੁੱਲ੍ਹ ਕੇ ਗੱਲ ਕਰੀਏ,
ਹੱਥ ਖੀਚੀਏ ਸੁਆਰਥੀ ਝੂਠੇ ਲਾਭਾਂ ਵਿਚੋਂ।

## ਕਈ ਵਾਰੀ...

ਕਈ ਵਾਰੀ ਵੈਰੀਆਂ ਨੂੰ ਵੀ ਦੁੱਖ ਸੁਣਾਉਣੇ ਪੈਂਦੇ ਨੇ,
ਨਾ ਚਾਹ ਕੇ ਵੀ ਹਾਰ ਹਾਰਾਂ ਦੇ ਗਲ ਪਾਉਣੇ ਪੈਂਦੇ ਨੇ।

ਚੌਤਰਫ਼ੇ ਜਦ ਹੋਣ ਰੰਗ ਨਿੱਤ ਵੱਟਦੇ ਲੋਕਾਂ ਦੇ,
ਨਾ ਚਾਹੁੰਦੇ ਵੀ ਆਪਣੇ ਰੰਗ ਵਟਾਉਣੇ ਪੈਂਦੇ ਨੇ।

ਖ਼ੁਸ਼ੀਆਂ ਮੌਕੇ ਸ਼ਰੀਂਹ ਦੇ ਪੱਤੇ ਦਰਾਂ ’ਤੇ ਟੰਗਦੇ ਸੀ
ਹੁਣ ਅੱਕਾਂ ਨਾਲ ਹੀ ਘਰ ਦੇ ਬਾਰ ਸਜਾਉਣੇ ਪੈਂਦੇ ਨੇ।

ਦਿਲਾਂ ਵਿਚ ਮੱਚਦੇ ਭਾਂਬੜ, ਪਿੰਡੇ ਤੇ ਕਹਿਰ ਛਪਾਕੀ ਦਾ
ਇਸ ਹਾਲ ’ਚ ਵੀ ਜ਼ਿੰਦਗੀ ਦੇ ਕਲਸ ਬਚਾਉਣੇ ਪੈਂਦੇ ਨੇ।

ਘਰ-ਘਰ ਵਿਚ ਕਲੇਸ਼ ਦੀ ਚੌਧਰ ਤੇ ਪਹਿਰੇਦਾਰੀ ਹੈ
ਬਸ ‘ਜਸਪਿੰਦਰ’ ਚੁੱਪ ਵੱਟ ਹੀ ਵਕਤ ਲੰਘਾਉਣੇ ਪੈਂਦੇ ਨੇ।

## ਵੰਡ

ਜਾਨ ਵਿਚ ਜਾਨ ਆਈ,
ਜਦੋਂ ਹੱਥ ਵਿਚ ਕਿਰਪਾਨ ਆਈ।

ਘਰ-ਘਰ ਵਿਚੋਂ ਨਿਕਲੇ ਦਾਨਵ,
ਵੰਡ ਦੀ ਜਦੋਂ ਮੁਕਾਣ ਆਈ।

ਐਸੀ ਹੈਵਾਨੀਅਤ ਨੰਗੀ ਨੱਚਣ ਲੱਗੀ,
ਨਾ ਆਪਣਿਆਂ ਦੀ ਪਹਿਚਾਨ ਆਈ।

ਇਹ ਵਹਿਸ਼ਤ, ਦਹਿਸ਼ਤ ਤੇ ਹਨੇਰਗਰਦੀ,
ਸਾਰੀ ਫ਼ਿਜ਼ਾ 'ਚ ਇਕ ਸਮਾਨ ਆਈ।

## ਮੌਤ ਦਾ ਡਰ

ਖ਼ੁਸ਼ੀ-ਖ਼ੁਸ਼ੀ ਵੱਸਦੇ ਮਨੁੱਖ ਨੂੰ ਵੀ
ਡਰ ਮੌਤ ਦਾ ਸਤਾਉਂਦਾ ਰਹਿੰਦਾ ਏ...

ਇਸ ਡਰ ਤੇ ਸਹਿਮ ਵਿਚ ਵੀ
ਬਸੇਰੇ ਦੇ ਪੱਕੇ ਘਰ ਬਣਾਉਂਦਾ ਰਹਿੰਦਾ ਏ...

ਆਪ ਮਾਣੇ ਨਰਮ ਨਰੋਈਆਂ ਨਿੱਤ ਸੇਜਾਂ
ਹੋਰਾਂ ਨੂੰ ਚਿਤਾ ਤੇ ਲਿਟਾਉਂਦਾ ਰਹਿੰਦਾ ਏ...

ਅੰਦਰੋਂ ਨਾ ਜਾਂਦਾ ਭਾਵੇਂ ਇਹ ਕੋਰਾ ਭੈਅ
ਪਰ ਬਾਹਰੋਂ ਰੱਬ ਵੀ ਧਿਆਉਂਦਾ ਰਹਿੰਦਾ ਏ...

ਠੱਲਣਾ ਤਾਂ ਚਾਹੁੰਦੈ ਹੋਣੀ ਵਾਲਾ ਫੇਰਾ...
ਪਰ ਗਲ ਲਾਉਣ ਵਾਲੀ ਗੱਲ, ਝੁਠਲਾਉਂਦਾ ਰਹਿੰਦਾ ਏ...

## ਖੇਤੀ ਜੱਟ ਦੀ...

ਖੇਤੀ ਹੋਈ ਜਾਂਦੀ ਏ ਵੀਰਾਨ ਜੱਟ ਦੀ,
ਹੁੰਦੀ ਸੀਗੀ ਜਿਹੜੀ ਕਦੇ ਜਾਨ ਜੱਟ ਦੀ

ਦਾਣਿਆਂ ਤੋਂ ਭਾਰੀ ਪੰਡ ਕਰਜ਼ੇ ਦੀ ਹੋਈ,
ਜਾਨ ਕਰਜ਼ੇ ਤੋਂ ਜਾਵੇ ਕੁਰਬਾਨ ਜੱਟ ਦੀ

ਮੰਗੇ ਖੇਤੀ ਨਾਸ਼ਤਾ ਤੇ ਡਿਨਰ ਦਵਾਈਆਂ ਦਾ
ਖੱਟੀ ਸਿੱਧੀ ਖੇਤੋਂ ਜਾਂਦੀ ਸ਼ਮਸ਼ਾਨ ਜੱਟ ਦੀ

ਉਪਜੀਵਕਾ ਕੀ ਦੇਣੀ ਇਹ ਘਰੋਂ ਖਾਈ ਜਾਵੇ
ਬਣੇ ਬੈਂਕ ਦੀ ਕਿਸ਼ਤ ਮਹਿਮਾਨ ਜੱਟ ਦੀ

ਖੇਤੀ ਵੀ ਨਾ ਰਹੀ ਹੁਣ ਧੰਦਿਆਂ ’ਚੋਂ ਧੰਦਾ
ਖੇਤੀ ਖਸਮਾਂ ਨੂੰ ਖਾਵੇ, ਜਿਹੜੀ ਘਰ ਪੱਟਦੀ।

## ਬੇੜੀਆਂ...

ਬੇੜੀਆਂ ਚਾਪਲੂਸੀ ਦੀਆਂ ਨਿੱਤ ਚੱਲਦੀਆਂ ਨੇ,
ਰਾਹ ਘਰ ਤੋਂ ਦਫ਼ਤਰ ਤੱਕ ਦਾ ਮੱਲਦੀਆਂ ਨੇ।

ਦਵਾਈਆਂ ਅਸੀਂ ਬਹੁਤ ਹਾਂ ਖਾ ਚੁੱਕੇ,
ਪਰ ਪੀੜਾਂ ਦੱਬਦੀਆਂ ਨਾ ਪੁਰਾਣੇ ਸੱਲ ਦੀਆਂ ਨੇ।

ਬਦਲ ਲੈਂਦੇ ਹਾਂ ਦਿਨ 'ਚ ਹਜ਼ਾਰ ਮਖੌਟੇ,
ਫਿਰ ਵੀ ਰੀਝਾਂ ਅਜੇ ਕੀਮਤੀ ਖੱਲ ਦੀਆਂ ਨੇ।

ਭੋਗ ਬੈਠੇ ਹਾਂ ਵਸਤੂਆਂ ਕਈ ਚੰਮ ਦੀਆਂ,
ਤਾਂ ਵੀ ਵਾਸ਼ਨਾਵਾਂ ਨਾ ਮਨ ਦੀ ਠੱਲ੍ਹ ਦੀਆਂ ਨੇ।

ਜੱਗ ਵੇਖ ਤੋਂ ਪਹਿਲਾਂ ਨਾ ਕਤਲ ਕਰਿਓ,
ਲੋਕੋ... ਧੀਆਂ ਕੁੱਖਾਂ 'ਚੋਂ ਸੁਨੇਹੇ ਘੱਲਦੀਆਂ ਨੇ।

## ਗੱਲਾਂ ਚੰਗੀਆਂ...

ਉਹ ਬੰਦਾ ਕਾਹਦਾ ਜੋ ਭੁੱਲ ਜਾਵੇ
ਬੀਤੇ ਸਮੇਂ ਵਿਚ ਜਰੀਆਂ ਤੰਗੀਆਂ ਨੂੰ।

ਸਾਡੀ ਫ਼ਿਤਰਤ ਨਵਿਆਂ ਨੂੰ ਗਲ ਲਾਉਣਾ
ਫਤਿਹ ਕਹੀਏ ਨਾ ਪੁਰਾਣੇ ਸੰਗੀਆਂ ਨੂੰ।

ਖੁੰਢਾ ਹਥਿਆਰ ਸੱਚ ਨੂੰ ਦੱਸਦੇ ਹਾਂ
ਤੇਜ਼ ਦੱਸੀਏ ਝੂਠ ਦੀਆਂ ਕਟਾਰਾਂ ਨੰਗੀਆਂ ਨੂੰ।

ਮੱਤਾਂ ਹੋਰਾਂ ਨੂੰ ਲੱਖ-ਕਰੋੜ ਦਿੰਦੇ
ਪਰ ਆਪ ਸਿੱਖੀਏ ਨਾ ਗੱਲਾਂ ਚੰਗੀਆਂ ਨੂੰ।

ਯਾਰਾ ਓਹਦੇ ਦਰ ਤੋਂ ਮਿਲੇ ਜੋ ਹੱਸ ਲਈਏ
ਐਵੇਂ ਨਾ ਮੋੜੀਏ ਰਹਿਮਤਾਂ ਰੰਗੀਆਂ ਨੂੰ।

## ਧਰਤੀ ਤੇ ਮਨੁੱਖ...

ਭਾਵੇਂ ਕਰਜ਼ ਧਰਤੀ ਦਾ ਸਾਡੇ ਤੇ ਉਧਾਰਾ ਬਾਕੀ ਏ
ਲੱਗਦੈ ਕਰਨਾ ਮਨੁੱਖ ਨੇ ਹੋਰ ਉਜਾੜਾ ਬਾਕੀ ਏ

ਸਾੜ ਸੁੱਟੇ ਰੁੱਖ, ਬੂਟੇ, ਪੁੱਤ ਧਰਤੀ ਦੇ ਸਾਰੇ
ਤਾਂ ਵੀ ਦਿਲ ਵਿਚ ਰਹਿੰਦਾ ਸ਼ਾਇਦ ਸਾੜਾ ਬਾਕੀ ਏ

ਹਵਾ, ਪਾਣੀ, ਮਿੱਟੀ ਗੰਧਲੇ ਤੋਂ ਕੀਤੇ ਜ਼ਹਿਰੀਲੇ
ਕਹੇ ਲੈਣਾ ਹੋਰ ਸੁੱਖਾਂ ਵਾਲਾ ਭਾੜਾ ਬਾਕੀ ਏ

ਚੰਨ ਤਾਰਿਆਂ ਦਾ ਬੰਦੇ ਅੱਜ ਪਾ ਲਿਆ ਗਿਆਨ
ਹਾਲੇ ਕੁਦਰਤੀ ਨੇਮਾਂ ਦਾ ਊੜਾ-ਆੜਾ ਬਾਕੀ ਏ

ਕਹਿੰਦੇ ਬੰਦੇ ਵਿਚ ਹੁੰਦੈ ਉਸ ਰੱਬ ਦਾ ਹੀ ਵਾਸਾ
ਪਰ ਹਾਲੇ ਇਸ ਗੱਲ ਦਾ ਨਿਤਾਰਾ ਬਾਕੀ ਏ

## ਬੰਦਾ...

ਬੰਦਾ ਹਉਮੈ ਦੇ ਵਿਚ ਸੜਦਾ ਏ,
ਜਦੋਂ "ਮੈਂ" ਨੂੰ ਅੱਗੇ ਧਰਦਾ ਏ।

ਫਿਰ ਆਪ ਤੋਂ ਉੱਚਾ ਹੋ ਜਾਂਦਾ,
ਮਨ ਨਾਲ ਗੁਮਾਨ ਦੇ ਭਰਦਾ ਏ।

ਉਹਨੂੰ ਰੱਬ ਦੀ ਸੁਰਤੀ ਭੁੱਲ ਜਾਂਦੀ,
ਕਹੇ ਇਹ ਤਾਂ ਮਾਮਲਾ ਘਰ ਦਾ ਏ।

ਖ਼ੁਦ ਹੰਕਾਰ ਦਾ ਦਰਦੀ ਬਣ ਜਾਂਦਾ,
ਜਦ ਮੈਂ ਦੀ ਮੈਂ ਨੂੰ ਜਰਦਾ ਏ।

ਸਕੇ ਸਿਰ ਦੇ ਸਾਈਂ ਭੁੱਲ ਜਾਵੇ,
ਕਹੇ ਸਭਨਾਂ ਬਾਝੋਂ ਸਰਦਾ ਏ।

## ਮਸਾਂ-ਮਸਾਂ...

ਮਸਾਂ-ਮਸਾਂ ਹੋਇਆ ਏ ਸਵੇਰਾ ਇਸ ਜੱਗ ਅੰਦਰ,
ਮੇਰਾ ਦਾਅਵਾ ਏ ਮੈਂ ਇੱਥੇ ਅੱਗ ਵਰਨ ਨਹੀਂ ਦੇਣੀ।

ਅੱਗ ਸੀਨਿਆਂ ਵਿਚੋਂ ਵੀ ਉਠ ਸਕਦੀ ਏ ਐਦਾਂ
ਕਿਸੇ ਸ਼ਰਤ ਤੇ ਦਹਿਸ਼ਤ ਫ਼ਿਜ਼ਾ 'ਚ ਤਰਨ ਨਹੀਂ ਦੇਣੀ।

ਮੈਂ ਲੜਾਂਗਾ ਜੇ ਉਠੇ ਅੰਗਾਰੇ ਸੁਖਾਵੇਂ ਮੌਸਮਾਂ ਅੰਦਰ
ਮੈਂ ਇਨ੍ਹਾਂ ਹਵਾਵਾਂ 'ਚ ਜ਼ੁਲਮ ਨੂੰ ਉਡਾਰੀ ਭਰਨ ਨਹੀਂ ਦੇਣੀ।

ਚਾਲਾਂ ਉਨ੍ਹਾਂ ਦੀਆਂ ਪੈਣਗੀਆਂ ਅੰਤ ਉਨ੍ਹਾਂ 'ਤੇ ਹੀ ਭਾਰੂ,
ਕੋਝੀ ਮਨਮਾਨੀ ਕਿਸੇ ਕੀਮਤ 'ਤੇ ਗਰਜ਼ਾਂ ਨੂੰ ਕਰਨ ਨਹੀਂ ਦੇਣੀ।

ਰਾਖੇ ਜੂਝਦੇ ਆਏ ਨੇ ਸਦਾ ਧਰਮ, ਫ਼ਰਜ਼ ਤੇ ਸਮੂਹ ਖ਼ਾਤਰ
'ਜਸਪਿੰਦਰ' ਇਸ਼ਕ ਹਿੱਤਾਂ ਦੀ ਫ਼ਰਦ ਸਾਂਭ ਰੱਖੀ ਸੜਨ ਨਹੀਂ ਦੇਣੀ।

## ਮਹਿਫਲਾਂ 'ਚੋਂ...

ਮਹਿਫ਼ਲਾਂ 'ਚੋਂ ਉੱਠ ਕੇ ਤੁਰ ਗਈ ਐ,
ਦੱਸੋ ਲੱਭ ਕੇ ਕਿੱਥੋਂ ਬਹਾਰ ਲਿਆਵਾਂ।

ਸ਼ਾਇਰਾਂ ਦੇ ਮਨਾਂ 'ਚੋਂ ਭੁਰ ਗਈ ਐ,
ਕਿੱਥੋਂ ਢੂੰਡ ਸੁਰਾਂ ਦੀ ਧਾਰ ਲਿਆਵਾਂ।

ਇਰਸ਼ਾਦ, ਦਾਦ ਲਈ ਫੁੱਲ ਨਾ ਲੱਭਦੇ,
ਕਿੰਝ ਬੈਠਕ ਵਿਚ ਨਿਰੇ ਖ਼ਾਰ ਲਿਆਵਾਂ।

ਹੁਣ ਸ਼ਮਾ ਬਲਦੀ ਨਾ ਇਹ ਧੁਖਦੀ ਐ,
ਕਿੱਥੋਂ ਜਗਦੀ ਲਾਟ ਜ਼ਾਰੋ-ਜ਼ਾਰ ਲਿਆਵਾਂ।

## ਬਾਗਾਂ ਦੀਆਂ ਅੰਬੀਆਂ...

ਬਾਗਾਂ ਦੀਆਂ ਅੰਬੀਆਂ ਦੀ ਨਿੰਮੀ-ਨਿੰਮੀ ਖ਼ੁਸ਼ਬੋ ਚੰਗੀ ਲੱਗਦੀ ਏ...
ਨਿੱਕੇ ਦੀਵਿਆਂ ਦੀ ਮੱਠੀ-ਮੱਠੀ ਲੋਅ ਚੰਗੀ ਲੱਗਦੀ ਏ...

ਪਰਦੇਸੀਆਂ ਨੇ ਮੁੜ ਜਦ ਆਉਣਾ ਹੋਵੇ ਦੇਸਾਂ ਨੂੰ,
ਉਠਦੀ ਦਿਲਾਂ 'ਚ ਖ਼ੁਸ਼ੀ ਵਾਲੀ ਰੌਂਅ ਚੰਗੀ ਲੱਗਦੀ ਏ...

ਹਵਾ ਦਿਆਂ ਬੁੱਲਿਆਂ ਨਾਲ ਲੱਖ ਖੇਡਦੇ ਨੇ ਫੁੱਲ ਭਾਵੇਂ,
ਪਰ ਭੌਰਿਆਂ ਦੀ ਵੀ ਤਾਂ ਉਨ੍ਹਾਂ ਨੂੰ ਛੋਹ ਚੰਗੀ ਲੱਗਦੀ ਏ...

ਵਖ਼ਤ, ਹਾਲਾਤਾਂ ਵਾਲੀ ਜਦੋਂ ਪੈਂਦੀ ਅੰਨ੍ਹੀ ਮਾਰ ਹੋਵੇ
ਓਦੋਂ ਸੱਜਣਾਂ ਦੀ ਕੰਧਾਂ ਬਣ ਲਾਈ ਢੋਅ ਚੰਗੀ ਲੱਗਦੀ ਏ...

ਲੱਖਾਂ ਦਹਿਕਦੇ ਨੇ ਤਾਰੇ ਭਾਵੇਂ ਅੰਬਰਾਂ ਦੀ ਹਿੱਕ ਤੇ
ਪਰ ਹਾਣੀਆਂ ਨੂੰ ਹਾਣੀਆਂ ਦੇ ਮੁੱਖ ਵਾਲੀ ਲੋਅ ਚੰਗੀ ਲੱਗਦੀ ਏ...

## ਪੱਤਣਾਂ ਤੋਂ ਲੰਘੇ...

ਪੱਤਣਾਂ ਤੋਂ ਲੰਘੇ ਉਹ ਪਾਣੀ ਯਾਦ ਆਉਂਦੇ ਨੇ
ਨਾਲ ਪੜ੍ਹੇ, ਹੱਸੇ ਖੇਡੇ ਹਾਣੀ ਯਾਦ ਆਉਂਦੇ ਨੇ

ਆਉਂਦੀਆਂ ਨੇ ਯਾਦ ਮੈਨੂੰ ਲੰਘੀਆਂ ਬਹਾਰਾਂ
ਮੌਸਮ ਬੀਤ 'ਗੇ ਜੋ ਬਣ ਕੇ ਕਹਾਣੀ ਯਾਦ ਆਉਂਦੇ ਨੇ

ਬਲਦਾਂ ਦੇ ਜੋੜੇ ਤੇ ਹਲ ਲੈ ਕੇ ਜਾਂਦੇ ਹਾਲੀ
ਸੁਆਣੀਆਂ ਦੇ ਚਰਖ਼ੇ ਮਧਾਣੀ ਯਾਦ ਆਉਂਦੇ ਨੇ

ਬੋਹੜ, ਪਿੱਪਲ, ਬਰੋਟੇ ਕਿੰਝ ਝੁਲਦੇ ਮੈਂ ਭੁੱਲਾਂ
ਉਨ੍ਹਾਂ ਥੱਲੇ ਬੈਠ ਸੁਣੇ ਕਿੱਸੇ ਕਹਾਣੀ ਯਾਦ ਆਉਂਦੇ ਨੇ

ਮਾਂ ਦੀਆਂ ਲੋਰੀਆਂ, ਨਾ ਉਹ ਭੁੱਲ ਦੀਆਂ ਬਾਤਾਂ
'ਕੱਠੇ ਮਰ 'ਗੇ ਸੀ ਜਿਹੜੇ ਰਾਜਾ ਰਾਣੀ ਯਾਦ ਆਉਂਦੇ ਨੇ

## ਦੀਵਿਆਂ ਦੀ ਦਾਸਤਾਨ

ਦੀਵਿਆਂ ਨੇ ਦੱਸੀ ਦਾਸਤਾਨ ਬੀਤੀ
ਹਿੱਕ ਬਾਲ ਚੌਤਰਫ਼ਾ ਰੁਸ਼ਨਾਇਆ ਅਸੀਂ।

ਹਨੇਰਿਆਂ ਨੇ ਸਾਡਾ ਵਿਰੋਧ ਕੀਤਾ,
ਜਦ ਚਾਨਣ ਫ਼ਿਜ਼ਾ 'ਚ ਫੈਲਾਇਆ ਅਸੀਂ।

ਲਟ-ਲਟ ਬਲ ਪਏ ਪ੍ਰਭਾਤ ਖ਼ਾਤਰ,
ਰੱਤ ਜੁੱਸੇ ਦੀ ਨੂੰ ਰਿਜ਼ਕ ਬਣਾਇਆ ਅਸੀਂ।

ਹਨੇਰਾ ਵੀ ਵੈਰੀ ਤੇ ਝੱਖੜਾਂ ਦਾ ਵੀ ਜ਼ੋਰ ਸੀ
ਤਾਂ ਵੀ ਸਰਦ ਹਵਾਵਾਂ ਨੂੰ ਗਰਮਾਇਆ ਅਸੀਂ।

ਦੁੱਖ ਵੀ ਸਹਾਰੇ, ਜਫ਼ਰ ਵੀ ਜਾਲੇ, ਰਹੇ ਵੀ ਖਾਮੋਸ਼
ਤੇ ਫੈਸਲਾ ਮੁਨਸਿਫ਼ਾਂ ਦਾ ਵੀ ਹੰਢਾਇਆ ਅਸੀਂ।

## ਮਾੜੀ ਹੁੰਦੀ ਐ...

ਬਹੁਤਾ ਬੋਲਣਾ, ਉੱਚਾ ਕੂਣਾ ਇਕ ਬੀਮਾਰੀ ਹੁੰਦੀ ਐ
ਕੁਝ ਨਾ ਬੋਲਣਾ, ਚੁੱਪ ਵਰਤਾ ਦੇਣੀ ਮਾੜੀ ਹੁੰਦੀ ਐ

ਡੁੱਬਣ ਲੱਗਿਆਂ, ਤੈਰਨਾ ਪਾਣੀ ਵਿਚ ਚੰਗੈ ਜ਼ਿੰਦਗੀ ਲਈ,
ਪਰ ਬੇੜੀ ਵਿਚ ਬਹਿ ਕੇ ਲਾਉਣੀ ਤਾਰੀ ਮਾੜੀ ਹੁੰਦੀ ਐ

ਝੂਠ ਨੂੰ ਦੇਣੀ ਚੌਧਰ, ਤੇ ਸੱਚ ਨੂੰ ਫਾਂਸੀ ਚਾੜ੍ਹ ਦੇਣਾ
ਸੱਜਣਾਂ ਸੱਚਿਆਂ ਦੇ ਗਲ ਧਰਨੀ ਆਰੀ ਮਾੜੀ ਹੁੰਦੀ ਐ।

ਛੱਡ ਆਪਣਿਆਂ ਨੂੰ, ਗਲ ਲਾਉਣਾ, ਮਤਲਬ ਖੋਰਾਂ ਨੂੰ
ਇਹ ਕਰਨੀ ਜ਼ਿੰਦਗੀ ਵਿਚ ਗਲਤੀ ਭਾਰੀ ਮਾੜੀ ਹੁੰਦੀ ਐ

ਜਸ ਖੱਟੀਏ 'ਜਸਪਿੰਦਰ' ਚੁਗਲੀ ਕਿਸੇ ਦੀ ਕਰੀਏ ਨਾ
ਚੁਗਲੀ ਕਰਕੇ ਮੂੰਹ ਤੋਂ, ਸੰਗ ਉਤਾਰੀ ਮਾੜੀ ਹੁੰਦੀ ਐ।

## ਪਹਿਲਾਂ...

ਪਹਿਲਾਂ ਲੋਹੇ ਨੂੰ ਹੀ ਲੱਗਦਾ ਸੀ
ਹੁਣ ਕਹਿੰਦੇ ਜੰਗਾਲ ਲੱਕੜ ਨੂੰ ਵੀ ਲੱਗਦੈ।

ਪਹਿਲਾਂ ਕਹਿੰਦੇ ਛਾਤੀ ਤੇ ਸੱਜਦਾ ਸੀ
ਹੁਣ ਸੁਣਿਐ ਤਮਗਾ ਹਿੱਕ ਤੇ ਵੱਜਦੈ।

ਪਹਿਲਾਂ ਯਾਰੀਆਂ ਸਿਰਾਂ ਨਾਲ ਨਿਭਾਉਂਦਾ ਸੀ
ਕਹਿੰਦੇ ਉਹੀ ਯਾਰ ਹੁਣ ਵਫ਼ਾ ਨੂੰ ਠੱਗਦੈ।

ਰਾਂਝਾ ਜੋ ਬੇਲਿਆਂ 'ਚ ਲੁਕ ਕੇ ਖਾਂਦਾ ਸੀ
ਹੁਣ ਪ੍ਰਤੱਖ ਮਾਸ ਦੀਆਂ ਚੂਰੀਆਂ ਨਾਲ ਰੱਜਦੈ।

ਜਿਸ ਨੂਰ ਨੂੰ ਲੋਕ ਅਣਗੌਲਿਆਂ ਕਰ ਜਾਂਦੇ
ਉਹ ਨੂਰ ਸ਼ਾਇਰ ਦੀ ਕਲਮ 'ਚ ਜਾਗਦੈ।

## ਪਤਝੜ ਦੇ ਤਸੀਹੇ...

ਝੜਦੇ ਰਹੇ ਦਰੱਖਤਾਂ ਤੋਂ ਫੁੱਲ ਪੱਤੇ
ਬੇਜਾਨ, ਬੇਜ਼ਾਰ ਤੇ ਜ਼ਰਦ ਹੋ ਕੇ...

ਪਤਝੜ ਦੇ ਤਸੀਹੇ ਛਿੱਲੜਾਂ ਬਣ 'ਗੇ
ਪੰਖੇਰੂ ਜੜ੍ਹੀਂ ਬਹਿ ਗੇ ਨੇ ਦਰਦ ਹੋ ਕੇ

ਵਸੀਅਤ ਜੰਮਦਿਆਂ ਮੌਸਮਾਂ ਹਿੱਸੇ ਲਿਖੀ
ਤਾਂ ਵੀ ਮੌਸਮ ਆਏ ਨੇ ਬੇ-ਦਰਦ ਹੋ ਕੇ

ਲੂਸੀਆਂ ਹਵਾਵਾਂ ਨਾ ਸਾਨੂੰ ਦਰਗੁਜ਼ਰ ਕੀਤਾ
ਉਹ ਵੀ ਆਈਆਂ ਨੇ ਸਾਹਵੇਂ ਬੇ-ਪਰਦ ਹੋ ਕੇ

ਸਾਰੀ ਹਯਾਤੀ ਰਹੇ ਲੁੱਟਦੇ ਮੌਸਮ ਸਾਨੂੰ
ਕੋਈ ਨਾ ਢੁੱਕਿਆ ਨੇੜੇ ਹਮਦਰਦ ਹੋ ਕੇ

## ਉਹ ਸੱਜਣ...

ਜੋ ਰਹਿੰਦੇ ਸੀ ਕਦੇ ਨਾਲ ਤੇਰੇ
ਅੱਜ ਉਹ ਸੱਜਣ ਬੇ-ਵਫ਼ਾ ਨਹੀਂ ਦਿਸਦੇ।

ਰੂਪ ਜਿਨ੍ਹਾਂ ਦੇ ਤੋਂ ਪੈਂਦਾ ਸੀ ਤੇਰਾ ਝਾਉਲਾ,
ਹੋ 'ਗੇ ਰੂਪੋਸ਼ ਹੁਣ ਵਾਂਗ ਹਵਾ ਨਹੀਂ ਦਿਸਦੇ।

ਮੰਝਧਾਰ ਵਿਚ ਗੋਤੇ ਖਾਵਣ ਤੇ ਵਿਲਕਣ ਹਿਰਸਾਂ,
ਬੇੜੀ ਠੱਲ ਕੇ ਆਪ ਮਲਾਹ ਨਹੀਂ ਦਿਸਦੇ।

ਖਾਣ ਠੋਕਰਾਂ ਨਿੱਤ ਤੇ ਹੋਵਣ ਜ਼ਖਮੀ,
ਜਿਨ੍ਹਾਂ ਨੂੰ ਆਪਣੇ ਆਪ ਖ਼ੁਦ ਰਾਹ ਨਹੀਂ ਦਿਸਦੇ।

ਦਿਲ ਨਾਦਾਨ ਕੀ ਜਾਣੇ ਜ਼ਿੰਦਗੀ ਦੇ ਭੇਦਾਂ ਨੂੰ,
ਇਨ੍ਹਾਂ ਖੁੱਲ੍ਹੇ ਦੀਦਿਆਂ ਨਾਲ ਖ਼ੁਦਾ ਨਹੀਂ ਦਿਸਦੇ।

## ਕਿਵੇਂ...

ਦਿਲ ਸਭ ਦੇ ਹੌਲੇ ਪੈ 'ਗੇ ਨੇ
ਹੌਸਲਾ ਦਿਲ ਵਿਚ ਧਰੀਏ ਕਿਵੇਂ...

ਕੰਮ ਤਾਂ ਕਰਨੇ ਅਜੇ ਕਈ ਬਾਕੀ
ਪਰ ਸਵਾਲ ਇਹੀ ਕਿ ਕਰੀਏ ਕਿਵੇਂ...

ਨਾਤਾ ਤੋੜ ਲਿਆ ਅਸੀਂ ਜ਼ਿੰਦਗੀ ਤੋਂ
ਹੁਣ ਮੌਤ ਦੇ ਗਲ ਲੱਗ ਮਰੀਏ ਕਿਵੇਂ...

ਪਹਾੜ ਜਿੱਡੀਆਂ ਮੰਜ਼ਿਲਾਂ ਦਿਸਣ ਸਾਹਵੇਂ
ਬਿਨ ਆਸਰੇ ਉਤਾਂਹ ਚੜ੍ਹੀਏ ਕਿਵੇਂ...

ਹੁਨਰ ਬਹੁਤ 'ਜਸਪਿੰਦਰ' ਹੋਰਾਂ ਨਾਲ ਲੜਨੇ ਦਾ
ਪਰ ਖ਼ੁਦ ਆਪਣੇ ਆਪ ਨਾਲ ਲੜੀਏ ਕਿਵੇਂ...

## ਛੇਕੜਲੀ ਛੋਹ

(1)

ਖ਼ੁਦਕਸ਼ੀ ਦਾ ਦੋਸ਼ ਸੀ ਉਸ ਉੱਤੇ
ਯਮਰਾਜ ਦੀ ਕਚਹਿਰੀ ਵਿਚ...

ਅੰਨਦਾਤਾ ਸੀ ਜੋ ਥੱਲੇ ਲੋਕਾਂ ਦਾ
ਉੱਪਰ ਖੜਾ ਸੀ ਉਦਾਸੀ ਗਹਿਰੀ ਵਿਚ...

ਕਹੇ-ਕੁਝ ਵਰਕੇ ਭਾਰੂ ਹੋ ਗਏ ਸਨ
ਵੱਡੇ ਸ਼ਾਹੂਕਾਰ ਦੀ ਵੱਡੀ ਡਾਇਰੀ ਵਿਚ...

(2)

ਟੈਲੀਵਿਜ਼ਨ ਵਿਚ ਵੇਖ ਰਹੇ ਸਨ ਡੰਡੇ ਵਰ੍ਹਦੇ
ਚੁੱਕ-ਚੁੱਕ ਕੇ ਫੱਟੀਆਂ ਕੁਝ ਹਵਾ 'ਚ ਕਰਦੇ

ਬੱਚਾ ਪੁੱਛੇ ਪਿਤਾ ਨੂੰ— ਡੈਡੀ ਇਹ ਕੀ ਕਰਦੇ
ਪਿਤਾ ਕਹੇ— ਪੁੱਤਰ! ਇਹ ਲਾਠੀਆਂ ਚਾਰਜ ਕਰਦੇ

(3)

ਕਸਬ ਉਨ੍ਹਾਂ ਦਾ ਅਸੀਂ ਕਦੇ ਨਿੰਦਿਆ ਨਹੀਂ
ਉਹ ਜੋ ਚਾਹੁਣ ਉਹੀ ਸ਼ਖ਼ਸ ਬਣੀਏ
ਫਿਰ ਵੀ ਵਜੂਦ ਸਾਡਾ ਝੁਠਲਾ ਜਾਂਦੇ
ਕੈਸੇ ਸ਼ਖ਼ਸ ਨੇ ਸ਼ਾਖ਼ਸਾਤ ਇੱਥੇ।

(4)

ਗਵਾਹੀਆਂ ਅਸੀਂ ਵੀ ਬਹੁਤ ਦਿੱਤੀਆਂ ਸਨ
ਤੇ ਮੌਤ ਦੇ ਹੱਕ ਵਿਚ ਭੁਗਤੇ ਸਾਂ
ਪਰ ਕਾਮਲਾਂ ਨੂੰ ਕੁਝ ਹੋਰ ਹੀ ਮਨਜ਼ੂਰ ਸੀ
ਉਹ ਬੇ-ਅਣਖੀ ਜ਼ਿੰਦਗੀ ਦੇ ਆਸ਼ਕ ਨਿਕਲੇ